# ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ ?



# ਕਿਸ ਚੀਜ਼ ਦਾ ਇੰਤਜ਼ਾਰ ਹੈ ? ਅਤੇ ਕਦ ਤੱਕ ? ਦੁਨੀਆਂ ਨੂੰ ਤੇਰੀ ਜ਼ਰੂਰਤ ਹੈ !

ਘੁਟਨ ਅਤੇ ਬੇਚੈਨ ਸੁਗਬੁਗਾਹਟਾਂ ਨਾਲ਼ ਭਰੇ ਹੋਏ, ਨਵੀਂ ਸਦੀ ਦੇ ਤਿੰਨ ਉਨੀਂਦੇ ਸਾਲ ਬੀਤ ਚੁੱਕੇ ਹਨ। ਪੂਰੀ ਧਰਤੀ 'ਤੇ, ਇੱਥੇ ਉੱਥੇ ਪੂੰਜੀ ਦੀ ਤਬਾਹਕੁੰਨ ਖ਼ੂਨ ਚੂਸਣ ਵਾਲ਼ੀ ਜਕੜ ਦੇ ਵਿਰੁੱਧ ਬਗ਼ਾਵਤਾਂ, ਸੰਘਰਸ਼ਾਂ ਅਤੇ ਲੋਕ ਲਹਿਰਾਂ ਦਾ ਸਿਲਸਿਲਾ ਬੀਤੇ ਦੋ-ਤਿੰਨ ਸਾਲਾਂ ਦੇ ਦੌਰਾਨ ਵੀ ਪਹਿਲਾਂ ਦੇ ਸਾਲਾਂ ਦੀ ਤਰ੍ਹਾਂ ਲਗਾਤਾਰ ਜਾਰੀ ਰਿਹਾ ਹੈ, ਪਰ ਇਸ ਲਗਾਤਾਰਤਾ ਦੇ ਵਿੱਚ ਕੋਈ ਅਜਿਹੀ ਗੁਣਾਤਮਕ ਤਬਦੀਲੀ ਨਹੀਂ ਆਈ ਹੈ ਜਿਸ ਤੋਂ ਇਤਿਹਾਸ ਦੀ ਖੜੋਤ ਟੁੱਟਣ ਦਾ ਸੰਕੇਤ ਮਿਲਦਾ ਹੋਵੇ। ਸੰਸਾਰ ਪੱਧਰ 'ਤੇ ਪਿੱਛਲ ਮੋੜੇ ਦੇ ਬਾਅਦ ਦੀ ਖੜੋਤ ਅਜੇ ਕਾਇਮ ਹੈ। ਇਨਕਲਾਬ ਦੀ ਲਹਿਰ 'ਤੇ ਉਲਟ ਇਨਕਲਾਬ ਦੀ ਲਹਿਰ ਹਾਵੀ ਹੈ।

1960 ਦੇ ਦਹਾਕੇ 'ਚ ਅਫਰੀਕੀ ਦੇਸ਼ਾਂ ਦੇ ਕੌਮੀ ਮੁਕਤੀ ਸੰਘਰਸ਼ਾਂ ਦਾ ਲੋਕ-ਜਵਾਰ ਪੂਰੀ ਦੁਨੀਆਂ ਨੂੰ ਹਿਲਾ ਰਿਹਾ ਸੀ। ਅੱਜ ਉਹੀ ਅਫਰੀਕਾ ਗਹਿਰੀ ਨੀਂਦ ਵਰਗੀ ਸਥਿਤੀ 'ਚ ਹੈ। ਲਾਤੀਨੀ ਅਮਰੀਕਾ ਦੀ ਇਹ ਖਾਸੀਅਤ ਹੈ ਕਿ ਉਹ ਕਦੇ ਸ਼ਾਂਤ ਨਹੀਂ ਹੁੰਦਾ। ਇਹ ਖਾਸੀਅਤ ਸ਼ਾਇਦ ਉਸ ਇਤਿਹਾਸ ਦੀ ਦੇਣ ਹੈ ਜਿਸ ਨੇ ਬਸਤੀਵਾਦੀਆਂ ਦੇ ਸਭ ਤੋਂ ਵੱਧ ਬਰਬਰ ਕਤਲੇਆਮ ਤੋਂ ਲੈ ਕੇ ਨਵ-ਬਸਤੀਵਾਦੀ ਦੌਰ ਦੀਆਂ ਸਭ ਤੋਂ ਵੱਧ ਜਾਬਰ ਹਕੂਮਤਾਂ ਦੇਖੀਆਂ ਹਨ। ਉਦਾਰੀਕਰਨ ਦੀਆਂ ਨੀਤੀਆਂ ਦੀ ਪਹਿਲੀ ਪ੍ਰਯੋਗਸ਼ਾਲਾ ਲਾਤੀਨੀ ਅਮਰੀਕਾ ਰਿਹਾ ਹੈ ਅਤੇ ਇਸ ਪਰਲੋ ਦੇ ਖਿਲਾਫ ਮਹਾਂਬਲੀ ਅਮਰੀਕਾ ਦੀ ਜਾੜ੍ਹ ਹੇਠ ਇਸ ਪੂਰੇ ਮਹਾਂਦੀਪ ਦੇ ਮਜ਼ਦੂਰ, ਕਿਸਾਨ, ਵਿਦਿਆਰਥੀ ਨੌਜਵਾਨ ਲਗਾਤਾਰ ਲੜ੍ਹ ਰਹੇ ਹਨ। ਪਰ ਇਹ ਸਾਰੇ ਸੰਘਰਸ਼ ਪੁਰਾਣੇ ਦੌਰ ਦੀ ਲਗਾਤਾਰਤਾ 'ਚ ਹੀ ਹੋ ਰਹੇ ਹਨ। ਦੁਨੀਆਂ ਦੀਆਂ ਹਾਲਤਾਂ 'ਚ, ਦੁਸ਼ਮਣ ਦੀ ਰਾਜਨੀਤੀ ਅਤੇ ਅਰਥਨੀਤੀ 'ਚ ਜੋ ਅਹਿਮ ਬਦਲਾਅ ਪਿਛਲੇ ਡੇਢ ਦੋ ਦਹਾਕਿਆਂ 'ਚ ਆਏ ਹਨ, ਉਨ੍ਹਾਂ ਦੇ ਕਾਰਗਰ ਪ੍ਰਤੀਰੋਧ ਦੀ ਨਵੀਂ ਯੁੱਧਨੀਤੀ ਲਾਤੀਨੀ ਅਮਰੀਕੀ ਲੋਕ ਉਭਾਰਾਂ, ਬਗ਼ਾਵਤਾਂ ਅਤੇ ਪ੍ਰਤਿਰੋਧ ਸੰਘਰਸ਼ਾਂ 'ਚ ਹਾਲੇ ਵਿਕਸਿਤ ਨਹੀਂ ਹੋ ਸਕੀ ਹੈ। ਅਰਬ ਦੇਸ਼ਾਂ 'ਚ ਬਾਰੂਦ ਦੀ ਢੇਰੀ ਇਕੱਠੀ ਹੋ ਚੁੱਕੀ ਹੈ। ਇਰਾਕ ਅਤੇ ਫਿਲਸਤੀਨ ਦੀ ਜਨਤਾ ਦੇ ਨਾਲ਼ ਪੂਰੀ ਅਰਬ ਜਨਤਾ ਖੜ੍ਹੀ ਹੈ। ਇਹ ਪੂਰਾ ਖੇਤਰ ਸਾਮਰਾਜਵਾਦੀ

ਦੁਨੀਆ ਦੇ ਅੰਤਰ-ਵਿਰੋਧਾਂ ਦੀ ਗੰਢ ਬਣ ਚੁੱਕਾ ਹੈ। ਆਉਣ ਵਾਲ਼ੇ ਦਿਨਾਂ 'ਚ ਅਮਰੀਕਾ ਅਤੇ ਪੂਰੇ ਪੱਛਮ ਦੀਆਂ ਸਾਮਰਾਜੀ ਨੀਤੀਆਂ ਦੇ ਵਿਰੁੱਧ ਅਰਬ ਜਨਤਾ ਦੇ ਗੁੱਸੇ ਦਾ ਪ੍ਰਚੰਡ ਵਿਸਫੋਟ ਸਾਮਰਾਜਵਾਦ ਨੂੰ ਗੰਭੀਰ ਰੂਪ 'ਚ ਸੰਕਟਗ੍ਰਸਤ ਅਤੇ ਕਮਜ਼ੋਰ ਬਣਾਉਣ 'ਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਪਰ ਅਰਬ ਦੇਸ਼ਾਂ 'ਚ ਆਉਣ ਵਾਲ਼ੇ ਸਾਲਾਂ 'ਚ ਜੋ ਹੋਣ ਵਾਲ਼ਾ ਹੈ, ਉਹ ਮੁੱਖ ਤੌਰ 'ਤੇ ਕੌਮੀ ਮੁਕਤੀ ਯੁੱਧਾਂ ਦੇ ਅਧੂਰੇ ਰਹਿ ਗਏ ਕਾਰਜਾਂ ਨੂੰ ਪੂਰਾ ਕਰਨ ਦੀ ਪ੍ਰਕਿਰਿਆ ਹੀ ਹੋਵੇਗੀ। ਸਾਮਰਾਜਵਾਦ ਦੇ ਨਵੇਂ ਦੌਰ ਦੇ ਅੰਤਰਵਿਰੋਧ ਉਸ ਦੇ ਬਾਅਦ ਹੀ ਉੱਥੇ ਤਿੱਖੇ ਹੋ ਕੇ ਏਜੰਡੇ 'ਤੇ ਆ ਸਕਣਗੇ। ਇਸ ਸੱਚਾਈ ਦੀ ਵੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਸਰਮਾਏ ਦੇ ਵਿਰੁੱਧ ਸੰਘਰਸ਼ ਦੀ ਅਗਵਾਈ ਕਰਨ ਵਾਲ਼ੀ ਮਜ਼ਦੂਰ ਜਮਾਤ ਦਾ ਹਿਰਾਵਲ ਦਸਤਾ ਫਿਲਹਾਲ ਅਰਬ ਜਗਤ 'ਚ ਸਿਆਸੀ ਜਥੇਬੰਦਕ ਪੱਖ ਤੋਂ, ਮੁਕਾਬਲਤਨ ਕਾਫ਼ੀ ਪੱਛੜਿਆ ਹੋਇਆ ਹੈ।

ਬਾਕੀ ਏਸ਼ੀਆ ਦੀ ਹਾਲਤ ਵੀ ਕਾਫ਼ੀ ਮਿਲਦੀ-ਜੁਲਦੀ ਹੈ। ਮਜ਼ਦੂਰ ਜਮਾਤ ਦੀ ਅਗਵਾਈ 'ਚ ਵੱਡੀ ਕਿਸਾਨ ਅਬਾਦੀ ਨੇ ਜਥੇਬੰਦ ਹੋ ਕੇ ਚੀਨ, ਵੀਅਤਨਾਮ, ਕੋਰੀਆ, ਕੰਪੂਚੀਆ ਆਦਿ ਦੇਸ਼ਾਂ 'ਚ ਸਾਮਰਾਜਵਾਦ, ਉਸ ਦੇ ਪਿੱਛਲੱਗੂ ਦੇਸੀ ਪੂੰਜੀਪਤੀਆਂ ਅਤੇ ਜਗੀਰਦਾਰਾਂ ਨੂੰ ਅੱਧੀ ਸਦੀ ਪਹਿਲਾਂ ਜਬਰਦਸਤ ਹਾਰ ਦਿੱਤੀ ਸੀ ਅਤੇ ਸਮਾਜਵਾਦ ਦੀ ਦਿਸ਼ਾ 'ਚ ਲੰਬੇ ਕਦਮ ਚੁੱਕੇ ਸੀ। ਪਰ ਉੱਥੇ ਪੂੰਜੀਵਾਦ ਦੀ ਬਹਾਲੀ ਦੇ ਬਾਅਦ ਅੱਜ ਖੁੱਲ੍ਹੇ ਬਾਜ਼ਾਰ ਦੀਆਂ ਨੀਤੀਆਂ ਦੇ ਸਵਰਗ ਨਰਕ (ਮੁੱਠੀ ਭਰ ਦੇ ਲਈ ਸਵਰਗ ਅਤੇ ਬਾਕੀਆਂ ਲਈ ਨਰਕ) ਰਚਣ ਦਾ ਕੰਮ ਅੰਨ੍ਹੇਵਾਹ ਜਾਰੀ ਹੈ। ਅਮਰੀਕੀ ਗੁੰਡਾਗਰਦੀ ਦੇ ਖਿਲਾਫ ਉੱਤਰੀ ਕੋਰੀਆ ਦਾ ਡਟੇ ਹੋਣਾ ਇੱਕ ਹਾਂਦਰੂ ਗੱਲ ਹੈ, ਪਰ ਇਹ ਮੰਨਣਾ ਪਵੇਗਾ ਕਿ ਸਮਾਜਵਾਦੀ ਪ੍ਰਯੋਗਾਂ ਦੀ ਪ੍ਰਗਤੀ ਉੱਥੇ ਕਦੋਂ ਦੀ ਰੁੱਕ ਚੁੱਕੀ ਹੈ। ਅੱਗੇ ਉਮੀਦ ਕੀਤੀ ਜਾ ਸਕਦੀ ਹੈ ਕਿ ਅਤੀਤ 'ਚ ਸਮਾਜਵਾਦੀ ਪ੍ਰਯੋਗ ਦੀ ਨਵੀਂ ਦਿਸਾ ਖੋਜਣ ਵਾਲ਼ੇ ਦੇਸ਼ ਚੀਨ 'ਚ ਵਿਸ਼ਵੀਕਰਨ ਦੇ ਨਵੇਂ ਅੰਤਰ-ਵਿਰੋਧਾਂ ਦੇ ਤਿੱਖੇ ਹੋਣ ਦੇ ਨਾਲ਼ ਹੀ (ਅਤੇ ਇਹ ਪ੍ਰਕਿਰਿਆ ਜਾਰੀ ਹੈ) ਅੱਜ ਜਾਰੀ ਲੋਕ ਲਹਿਰਾਂ ਅਤੇ ਵਿਦਰੋਹਾਂ ਦੇ ਵਿੱਚੋਂ ਇੱਕ ਨਵੇਂ ਇਨਕਲਾਬ ਦੀ ਧਾਰਾ ਫੁੱਟੇਗੀ ਅਤੇ ਅਤੀਤ ਦੀ ਵਿਕਾਸ ਯਾਤਰਾ ਨੂੰ ਅੱਗੇ ਵਧਾਉਣ ਵਾਲ਼ਾ ਹਿਰਾਵਲ ਦਸਤਾ ਫਿਰ ਤੋਂ ਜਥੇਬੰਦ ਹੋਵੇਗਾ। ਜੋ ਜਨਤਾ ਸਮਾਜਵਾਦ ਦੇ ਵਿਕਸਿਤ ਪ੍ਰਯੋਗ ਦੇਖ ਚੁੱਕੀ ਹੈ, ਉਹ ਫਿਰ ਤੋਂ ਆਪਣੀ ਉਸ ਵਿਰਾਸਤ ਨੂੰ ਮੁੜ ਜੀਵਤ ਕਰਕੇ ਲਾਜ਼ਮੀ ਹੀ ਉੱਠ ਖੜ੍ਹੀ ਹੋਵੇਗੀ, ਪਰ ਹਾਲਾਤਾਂ ਦੇ ਅਧਿਐਨ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਉੱਥੇ ਅਕਤੂਬਰ ਇਨਕਲਾਬ ਦੇ ਨਵੇਂ ਸੰਸਕਰਣਾਂ ਦਾ ਨਿਰਮਾਣ ਨੇੜਲੇ ਭਵਿੱਖ ਦੀ ਚੀਜ਼ ਨਹੀਂ ਹੈ। ਇੰਡੋਨੇਸ਼ੀਆ, ਮਲੇਸ਼ੀਆ, ਸ੍ਰੀਲੰਕਾ, ਪਾਕਿਸਤਾਨ ਵਰਗੇ ਮੁਕਾਬਲਤਨ ਵਿਕਸਿਤ ਪੈਦਾਵਾਰੀ ਤਾਕਤਾਂ ਵਾਲ਼ੇ ਦੇਸ਼ਾਂ ਤੋਂ ਲੈ ਕੇ ਬਰਮਾ, ਕੰਪੂਚੀਆ, ਲਾਓਸ

ਵਰਗੇ ਪਛੜੇ ਹੋਏ ਗਰੀਬ ਦੇਸ਼ਾਂ ਤੱਕ 'ਚ ਸਾਮਰਾਜਵਾਦ ਅਤੇ ਦੇਸੀ ਪੂੰਜੀਪਤੀਆਂ ਦੀ ਸੱਤ੍ਹਾ ਵਿਰੁੱਧ ਅੰਤਰ-ਵਿਰੋਧ ਤਿੱਖੇ ਹੋ ਰਹੇ ਹਨ, ਪਰ ਕਿਸੇ ਬੁਨਿਆਦੀ ਸਿਆਸੀ ਸਮਾਜਿਕ ਬਦਲਾਅ ਦੇ ਲਈ ਵੱਖ-ਵੱਖ ਇਤਿਹਾਸਕ ਕਾਰਨਾਂ ਕਰਕੇ ਇਨ੍ਹਾਂ ਦੇਸ਼ਾਂ 'ਚ ਕੋਈ ਅਸਲ ਆਗੂ ਕੇਂਦਰ ਹਾਲੇ ਜਥੇਬੰਦ ਹੋਣ ਦੇ ਸ਼ੁਰੂਆਤੀ ਪੜਾਅ 'ਚ ਵੀ ਨਹੀਂ ਹੈ। ਫਿਲਸਤੀਨ 'ਚ ਇਨਕਲਾਬੀ ਲੋਕ ਫੌਜ ਪਿਛਲੀ ਅੱਧੀ ਸਦੀ ਤੋਂ ਹਥਿਆਰਬੰਦ ਸੰਘਰਸ਼ ਚਲਾ ਰਹੀ ਹੈ, ਪਰ ਸਮੱਸਿਆ ਇਹ ਹੈ ਕਿ ਹਾਲਾਤਾਂ 'ਚ ਆਈਆਂ ਬੁਨਿਆਦੀ ਤਬਦੀਲੀਆਂ 'ਤੇ ਗੌਰ ਕਰਨ ਦੀ ਬਜਾਏ, ਉੱਥੋਂ ਦੇ ਕਮਿਊਨਿਸਟ ਇਨਕਲਾਬੀ ਹਾਲੇ ਵੀ ਅਤੀਤ ਦੇ ਇਨਕਲਾਬਾਂ (ਖਾਸਕਰ ਚੀਨੀ ਇਨਕਲਾਬ) ਦੀ ਯੁੱਧਨੀਤੀ ਅਤੇ ਰਸਤੇ ਨੂੰ ਹੀ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇਹੀ ਉਨ੍ਹਾਂ ਦੇ ਸੰਘਰਸ਼ ਦੀ ਖੜ੍ਹੋਤ ਦਾ ਬੁਨਿਆਦੀ ਕਾਰਨ ਹੈ। ਨੇਪਾਲ 'ਚ ਜਾਰੀ ਇਨਕਲਾਬੀ ਲੋਕ ਯੁੱਧ ਆਪਣੇ ਦੇਸ਼ ਦੀਆਂ ਹਾਲਤਾਂ ਦੇ ਹਿਸਾਬ ਨਾਲ਼ ਮੌਲਿਕ ਪ੍ਰਯੋਗ ਕਰਦਾ ਹੋਇਆ ਪਿਛਲੇ ਲਗਭਗ ਅੱਠ ਸਾਲਾਂ ਤੋਂ ਲਗਾਤਾਰ ਅੱਗੇ ਕਦਮ ਪੁੱਟ ਰਿਹਾ ਹੈ ਅਤੇ ਸਾਮਰਾਜਵਾਦੀ ਦੇਸ਼ਾਂ ਤੋਂ ਲੈ ਕੇ ਗੁਆਂਢੀ ਭਾਰਤ ਦੀ ਸਰਕਾਰ ਦੀ ਹਰ ਤਰ੍ਹਾਂ ਦੀ ਮਦਦ ਦੇ ਬਾਵਜੂਦ ਨੇਪਾਲੀ ਹੁਕਮਰਾਨ ਉਸ ਨੂੰ ਕੁਚਲਣ 'ਚ ਸਫ਼ਲ ਨਹੀਂ ਹੋ ਸਕੇ। ਅੱਜ ਸੰਸਾਰ ਵਿਆਪੀ ਉਲਟ ਇਨਕਲਾਬੀ ਮਾਹੌਲ 'ਚ ਖਾਸਕਰ ਪੀਰੂ ਦੇ ਇਨਕਲਾਬੀ ਸੰਘਰਸ਼ ਦੇ ਪਿੱਛੇ ਹਟਣ ਤੋਂ ਬਾਅਦ ਨੇਪਾਲ ਦੀ ਮਿਹਨਤਕਸ਼ ਜਨਤਾ ਦੇ ਇਸ ਸੰਘਰਸ਼ ਦੀ ਖਾਸ ਅਹਿਮੀਅਤ ਹੈ। ਪਰ ਨੇਪਾਲ ਇੱਕ ਬੇਹੱਦ ਪੱਛੜੀਆਂ ਪੈਦਾਵਾਰੀ ਸ਼ਕਤੀਆਂ ਵਾਲ਼ਾ ਛੋਟਾ ਦੇਸ਼ ਹੈ। ਉਹ ਸਾਮਰਾਜਵਾਦ-ਜਗੀਰਦਾਰੀ ਵਿਰੋਧੀ ਇਨਕਲਾਬ (ਕੌਮੀ ਜਮਹੂਰੀ ਇਨਕਲਾਬ) ਨੂੰ ਅੰਜਾਮ ਦੇ ਰਿਹਾ ਹੈ। ਅੱਜ ਅਫਰੀਕਾ ਅਤੇ ਸਬ ਸਹਾਰਾ ਦੇ ਕੁੱਝ ਬੇਹੱਦ ਪਛੜੇ ਛੋਟੇ, ਗਰੀਬ ਦੇਸ਼ਾਂ ਨੂੰ ਛੱਡ ਕੇ, ਏਸ਼ੀਆ-ਅਫਰੀਕਾ-ਲਾਤੀਨੀ ਅਮਰੀਕਾ ਦੇ ਜ਼ਿਆਦਾਤਰ ਦੇਸ਼ ਇਸ ਦੌਰ ਨੂੰ ਪਾਰ ਕਰ ਚੁੱਕੇ ਹਨ। ਇਨ੍ਹਾਂ ਮਹਾਂਦੀਪਾਂ ਦੇ ਜ਼ਿਆਦਾਤਰ ਦੇਸ਼ ਅੱਜ, ਪਿਛੜੇ ਹੋਏ ਹੀ ਸਹੀ, ਪੂੰਜੀਵਾਦੀ ਦੇਸ਼ ਬਣ ਚੁੱਕੇ ਹਨ। ਇੱਥੋਂ ਦੀ ਵਿਆਪਕ ਜਨਤਾ ਨੂੰ, ਵਿਸ਼ਵੀਕਰਨ ਦੇ ਵਰਤਮਾਨ ਦੌਰ 'ਚ ਸਾਮਰਾਜਵਾਦ ਅਤੇ ਆਪਣੇ ਦੇਸ਼ਾਂ ਦੀ ਸੱਤ੍ਹਾ 'ਤੇ ਕਾਬਜ਼ ਦੇਸੀ ਪੂੰਜੀਪਤੀਆਂ ਦੇ ਖਿਲਾਫ਼ ਇੱਕ ਨਵੀਂ ਤਰ੍ਹਾਂ ਦਾ ਸਮਾਜਵਾਦੀ ਇਨਕਲਾਬ ਕਰਨਾ ਹੈ। ਇਹ ਨਵਾਂ ਇਨਕਲਾਬ ਰੂਸ ਦੇ ਅਕਤੂਬਰ ਇਨਕਲਾਬ ਅਤੇ ਚੀਨੀ ਇਨਕਲਾਬ ਦਾ ਵਾਰਿਸ ਹੋਵੇਗਾ, ਉਨ੍ਹਾਂ ਦੀ ਅਗਲੀ ਕੜੀ ਹੋਵੇਗਾ ਅਤੇ ਪੂਰੀ ਦੁਨੀਆਂ 'ਚ ਪੂੰਜੀ ਅਤੇ ਕਿਰਤ ਵਿਚਕਾਰ ਮਹਾਂਯੁੱਧ ਦਾ ਅਗਲਾ ਚੱਕਰ ਇਨ੍ਹਾਂ ਨਵੇਂ ਸਮਾਜਵਾਦੀ ਇਨਕਲਾਬਾਂ ਦੀ ਧਾਰਾ ਦੇ ਗਤੀ ਫੜ੍ਹਨ ਤੋਂ ਬਾਅਦ ਹੀ ਸ਼ੁਰੂ ਹੋਵੇਗਾ। ਤਦ ਤੱਕ ਦਾ ਸਮਾਂ ਇਸ ਮਹਾਂਯੁੱਧ ਦੇ ਪਿਛਲੇ ਚੱਕਰ ਅਤੇ ਭਵਿੱਖ ਦੇ ਚੱਕਰ ਵਿਚਲਾ ਸੰਗਰਾਂਦੀ ਦੌਰ ਹੀ ਹੋਵੇਗਾ, ਜਿਸ ਦੌਰਾਨ ਉਮੀਦ ਹੈ ਕਿ ਅਤੀਤ ਦੇ ਕੁੱਝ ਅਧੂਰੇ ਕਾਰਜ ਹੀ ਨੇਪਰੇ ਚਾੜ੍ਹੇ ਜਾਣ। ਇਸ ਨਜ਼ਰੀਏ ਤੋਂ ਨੇਪਾਲ ਦਾ ਇਨਕਲਾਬ ਆਪਣੇ

ਇਤਿਹਾਸਕ ਮਹੱਤਵ ਦੇ ਬਾਵਜੂਦ, 'ਟਰੈਂਡ ਸੈੱਟਰ' ਅਤੇ 'ਪਾਥਬ੍ਰੇਕਿੰਗ' ਨਹੀਂ ਹੋ ਸਕਦਾ।

ਤੀਜੀ ਦੁਨੀਆ (ਏਸ਼ੀਆ-ਅਫਰੀਕਾ-ਲਾਤਿਨ ਅਮਰੀਕਾ) ਦੇ ਜਿਨ੍ਹਾਂ ਸਾਬਕਾ ਬਸਤੀਵਾਦੀ ਦੇਸ਼ਾਂ 'ਚ (1) ਚਾਰ-ਪੰਜ ਦਹਾਕੇ ਪਹਿਲਾਂ ਸੱਤ੍ਹਾ ਬੁਰਜੂਆਜ਼ੀ ਦੇ ਹੱਥ ਆਈ ਅਤੇ ਸਾਮਰਾਜਵਾਦੀ ਲੁੱਟ ਦੇ ਨਾਲ਼ ਸਮਝੌਤਾ ਕਰਕੇ ਉਨ੍ਹਾਂ ਨੇ ਉੱਥੇ (ਇੱਕ ਪਿਛੜਿਆ ਅਤੇ ਅਪਾਹਜ ਕਿਸਮ ਦਾ ਹੀ ਸਹੀ, ਪਰ) ਪੂੰਜੀਵਾਦੀ ਰੂਪ ਬਦਲੀ ਦਾ ਕੰਮ ਕੀਤਾ, ਭਾਵ ਜੋ ਅੱਜ ਪਛੜੇ ਹੋਏ ਪੂੰਜੀਵਾਦੀ ਦੇਸ਼ ਬਣ ਚੁੱਕੇ ਹਨ, (2) ਪੱਛਮੀ ਦੇਸ਼ਾਂ ਤੋਂ ਕਾਫ਼ੀ ਪਿੱਛੇ ਹੋਣ ਅਤੇ ਸਾਮਰਾਜਵਾਦੀ ਲੁੱਟ ਦਾ ਸ਼ਿਕਾਰ ਹੋਣ ਦੇ ਬਾਵਜੂਦ ਇਨ੍ਹਾਂ ਦੇਸ਼ਾਂ 'ਚ ਉਦਯੋਗਾਂ ਦਾ ਇੱਕ ਬੁਨਿਆਦੀ ਢਾਂਚਾ ਵਿਕਸਿਤ ਹੋਇਆ ਹੈ, (3) ਜਿਨ੍ਹਾਂ ਕੋਲ ਖਾਣ ਯੋਗ ਅਨਾਜ ਪੈਦਾ ਕਰਨ ਲਈ ਜ਼ਮੀਨ ਅਤੇ ਕੱਚੇ ਮਾਲ ਦੇ ਕਾਫ਼ੀ ਸਰੋਤ ਹਨ ਜਾਣੀ ਜਿਨ੍ਹਾਂ ਦਾ ਅਰਥਚਾਰਾ ਭਿੰਨਤਾਪੂਰਨ (ਡਾਈਵਰਸੀਫਾਈਡ) ਹੈ, (4) ਜੋ ਦੇਸ਼ ਖੇਤਰਫਲ ਤੇ ਅਬਾਦੀ ਦੇ ਨਜ਼ਰੀਏ ਤੋਂ ਜੇ ਬਹੁਤੇ ਵੱਡੇ ਨਹੀਂ ਤਾਂ ਬਹੁਤ ਛੋਟੇ ਵੀ ਨਹੀਂ ਹਨ, ਉਨ੍ਹਾਂ ਦੇਸ਼ਾਂ 'ਚ ਹੀ ਨਵੀਂ ਸਦੀ 'ਚ 'ਟਰੈਂਡ ਸੈੱਟ' ਕਰਨ ਵਾਲ਼ੇ ਇਨਕਲਾਬਾਂ ਦੀ ਸੰਭਾਵਨਾ ਬਾਹਰਮੁਖੀ ਰੂਪ 'ਚ ਜ਼ਿਆਦਾ ਹੋ ਸਕਦੀ ਹੈ।

ਇਹ ਮੁਲੰਕਣ ਆਪਣੇ ਆਪ 'ਚ ਇੱਕ ਵਿਸਥਾਰੀ ਚਰਚਾ ਦਾ ਵਿਸ਼ਾ ਹੈ, ਪਰ ਅਜਿਹੇ ਦੇਸ਼ਾਂ ਦੀ ਅਗਲੀ ਕਤਾਰ 'ਚ ਨਿਸ਼ਚੇ ਹੀ ਭਾਰਤ ਦਾ ਵੀ ਨਾਮ ਹੈ। ਸੰਸਾਰ ਪੂੰਜੀਵਾਦ ਦੇ ਖਿਲਾਫ ਬੇਚੈਨੀ ਤਾਂ ਪੂਰੀ ਦੁਨੀਆਂ 'ਚ, ਇੱਥੋਂ ਤੱਕ ਕਿ ਵਿਕਸਿਤ ਦੇਸ਼ਾਂ ਦੀ ਜਨਤਾ 'ਚ ਵੀ ਸੁਲਘ ਰਹੀ ਹੈ, ਪਰ ਸਭ ਤੋਂ ਵੱਧ ਦਬਾਅ ਪਛੜੇ ਅਤੇ ਗਰੀਬ ਦੇਸ਼ਾਂ 'ਤੇ ਹੀ ਹੈ। ਇਹ ਦੇਸ਼ ਹੀ ਅੱਜ ਵੀ ਸਾਮਰਾਜਵਾਦ ਦੀਆਂ ਕਮਜ਼ੋਰ ਕੜੀਆਂ ਹਨ ਅਤੇ ਦੁਨੀਆਂ ਨੂੰ ਬਦਲਣ ਵਾਲ਼ੇ ਭਾਵੀ ਵਿਸਫੋਟਾਂ ਦੀ ਜ਼ਮੀਨ ਵੀ ਅਜਿਹੇ ਹੀ ਦੇਸ਼ਾਂ 'ਚ ਤਿਆਰ ਹੋ ਰਹੀ ਹੈ ਜਿੱਥੇ ਲੁੱਟਣ ਅਤੇ ਇਜਾਰੇਦਾਰੀ ਕਾਇਮ ਕਰਨ ਦੇ ਲਈ ਵਿਸ਼ਾਲ ਕੁਦਰਤੀ ਦੌਲਤ, ਕਿਰਤ ਅਤੇ ਬੌਧਿਕ ਸੰਪੱਤੀ ਹੈ।

ਭਾਰਤ ਇੱਕ ਅਜਿਹਾ ਹੀ ਦੇਸ਼ ਹੈ ਜਿੱਥੇ ਉਦਾਰੀਕਰਣ-ਨਿੱਜੀਕਰਨ ਦੇ ਦੌਰ ਨੇ ਪੂੰਜੀਵਾਦ ਦੀ ਸਾਰੀਆਂ ਬੁਰਾਈਆਂ ਨੂੰ ਇੱਕਦਮ ਨੰਗੇ ਅਤੇ ਭਿਆਨਕ ਰੂਪ 'ਚ ਉਜਾਗਰ ਕਰ ਦਿੱਤਾ ਹੈ। ਪੂੰਜੀਵਾਦੀ ਵਿਕਾਸ ਦਾ ਰਸਤਾ ਅੱਧੀ ਸਦੀ ਬਾਅਦ ਇੱਕ ਅੰਨ੍ਹੀ ਸੁਰੰਗ ਦੇ ਸਿਰੇ 'ਤੇ ਜਾ ਪਹੁੰਚਿਆ ਹੈ। ਆਮ ਜਨਤਾ ਦੇ ਦੁੱਖਾਂ ਅਤੇ ਗਰੀਬੀ ਦੇ ਸਮੁੰਦਰ 'ਚ ਖੁਸ਼ਹਾਲੀ ਦੇ ਟਾਪੂਆਂ 'ਤੇ ਵਿਲਾਸਤਾ ਦੀਆਂ ਮੀਨਾਰਾਂ ਅਸਮਾਨ ਛੂਹ ਰਹੀਆਂ ਹਨ। ਕਾਰਾਂ, ਮੋਟਰਸਾਈਕਲ, ਫਰਿੱਜਾਂ, ਏਅਰਕੰਡੀਸ਼ਨਰਾਂ ਅਤੇ ਹੋਰ ਸਭ ਵਿਲਾਸਤਾ ਦੇ ਸਾਧਨਾਂ ਨਾਲ਼ ਬਾਜ਼ਾਰ ਭਰਦੇ ਜਾ ਰਹੇ ਹਨ। ਦੂਸਰੇ ਪਾਸੇ ਭੁੱਖ ਅਤੇ ਕੁਪੋਸ਼ਣ ਨਾਲ਼ ਮੌਤਾਂ ਹੋ ਰਹੀਆਂ ਹਨ। ਦਵਾ-ਦਾਰੂ ਦੀਆਂ ਬੁਨਿਆਦੀ ਸਹੂਲਤਾਂ ਵੀ ਆਮ ਜਨਤਾ ਨੂੰ ਨਸੀਬ ਨਹੀਂ ਹਨ। ਦੇਸ਼ ਦੀ ਅਬਾਦੀ ਦਾ ਵੱਡਾ ਹਿੱਸਾ ਬੇਰੁਜ਼ਗਾਰੀ

ਅਤੇ ਅਰਧ-ਬੇਰੁਜ਼ਗਾਰੀ ਦਾ ਸ਼ਿਕਾਰ ਹੈ। ਹਰ ਵਰ੍ਹੇ ਪੂੰਜੀ ਦੇ ਤਰਕ ਅਨੁਸਾਰ ਕਰੋੜਾਂ ਛੋਟੇ-ਦਰਮਿਆਨੇ ਕਿਸਾਨ ਆਪਣੀਆਂ ਜ਼ਮੀਨਾਂ ਵੇਚ ਕੇ ਉਜਰਤੀ ਗੁਲਾਮਾਂ ਦੀ ਕਤਾਰ 'ਚ ਸ਼ਾਮਿਲ ਹੋ ਰਹੇ ਹਨ। ਮਜ਼ਦੂਰਾਂ ਨੂੰ ਪਸ਼ੂਆਂ ਵਰਗੀ ਸਥਿਤੀ 'ਚ ਬਾਰ੍ਹਾਂ-ਬਾਰ੍ਹਾਂ ਘੰਟੇ ਕੰਮ ਕਰਨ ਦੇ ਬਾਵਜੂਦ ਵੀ ਪਰਿਵਾਰ ਦਾ ਪੇਟ ਭਰਨ ਜਿੰਨੀ ਦਿਹਾੜੀ ਵੀ ਨਹੀਂ ਮਿਲਦੀ। 95 ਪ੍ਰਤੀਸ਼ਤ ਤੋਂ ਵੀ ਵੱਧ ਸ਼ਹਿਰੀ-ਪੇਂਡੂ ਮਜ਼ਦੂਰ ਦਿਹਾੜੀ ਜਾਂ ਠੇਕੇ 'ਤੇ ਜਾ ਅਸਥਾਈ ਤੌਰ 'ਤੇ ਕੰਮ ਕਰਦੇ ਹਨ। ਪਹਿਲੇ ਜਥੇਬੰਦ ਸੰਘਰਸਾਂ ਤੋਂ ਜੋ-ਜੋ ਹੱਕ ਉਨ੍ਹਾਂ ਹਾਸਲ ਕੀਤੇ ਸੀ, ਇੱਕ ਇੱਕ ਕਰਕੇ ਉਨ੍ਹਾਂ ਦਾ ਅੱਸੀ ਪ੍ਰਤੀਸ਼ਤ ਹਿੱਸਾ ਖੋਹਿਆ ਜਾ ਚੁੱਕਾ ਹੈ। ਅਫਸਰਾਂ, ਡਾਕਟਰਾਂ, ਇੰਜੀਨੀਅਰਾਂ ਅਤੇ ਉੱਚੇ ਅਹੁਦੇ ਵਾਲ਼ੇ ਕੁੱਝ ਬੁੱਧੀਜੀਵੀਆਂ ਨੂੰ ਛੱਡ ਕੇ ਆਮ ਮੱਧ ਵਰਗ ਦਾ ਵੱਡਾ ਹਿੱਸਾ ਵੀ ਮਹਿੰਗਾਈ ਅਤੇ ਬੇਰੁਜ਼ਗਾਰੀ ਤੋਂ ਪੀੜਤ ਹੈ। ਉੱਚ ਵਿੱਦਿਆ ਅਤੇ ਤਕਨੀਕੀ ਪੇਸ਼ੇਵਰ ਸਿੱਖਿਆ ਦੇ ਦਰਵਾਜ਼ੇ ਤਾਂ ਆਮ ਘਰਾਂ ਦੇ ਨੌਜਵਾਨਾਂ ਲਈ ਲਗਭਗ ਬੰਦ ਹੋ ਚੁੱਕੇ ਹਨ। ਫੀਸਾਂ ਵਧਾਉਣ, ਸੀਟਾਂ ਘਟਾਉਣ ਅਤੇ ਵਿੱਦਿਅਕ ਸੰਸਥਾਵਾਂ ਨੂੰ ਪੂੰਜੀਪਤੀ ਘਰਾਣਿਆਂ ਨੂੰ ਸੌਂਪੇ ਜਾਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਪ੍ਰਾਇਮਰੀ-ਮਿਡਲ ਪੱਧਰ ਤੇ ਅਮੀਰ-ਗਰੀਬ ਵਿਚਲਾ ਬਟਵਾਰਾ ਇੰਨਾ ਤਿੱਖਾ ਪਹਿਲਾਂ ਕਦੇ ਨਹੀਂ ਸੀ।

ਇਹ ਹਾਲਾਤ ਜਿਨ੍ਹਾਂ ਆਰਥਕ ਨੀਤੀਆਂ ਦਾ ਨਤੀਜਾ ਹਨ, ਉਨ੍ਹਾਂ 'ਤੇ ਹਾਕਮ ਜਮਾਤਾਂ ਦੀਆਂ ਸਾਰੀਆਂ ਪਾਰਟੀਆਂ ਦੀ ਆਮ ਸਹਿਮਤੀ ਹੈ। ਵਿਰੋਧ ਦਾ ਜ਼ੁਬਾਨੀ ਜਮ੍ਹਾ-ਖਰਚ ਕਰਦੀਆਂ ਹੋਈਆਂ ਸੰਸਦੀ ਖੱਬੇ ਪੱਖੀ ਪਾਰਟੀਆਂ ਵੀ, ਇਨ੍ਹਾਂ ਦੀਆਂ ਹਮਸਫ਼ਰ ਬਣ ਚੁੱਕੀਆਂ ਹਨ। ਦਰਅਸਲ, ਸਮਾਜਵਾਦ ਦੇ ਮਖੌਟੇ ਦੀ ਹੁਣ ਕੋਈ ਗੁੰਜਾਇਸ਼ ਹੀ ਨਹੀਂ ਹੈ। ਭਾਰਤ ਦੀ ਬੁਰਜੂਆਜ਼ੀ ਨੇ ਕਿਰਤੀਆਂ ਦੀ ਹੋਰ ਵਧੇਰੇ ਰੱਤ ਨਿਚੋੜਨ ਦੇ ਲਈ ਪੂੰਜੀ ਅਤੇ ਤਕਨਾਲੋਜੀ ਦੇ ਲਈ ਸਾਮਰਾਜੀਆਂ ਅੱਗੇ ਗੋਡੇ ਟੇਕ ਦਿੱਤੇ ਹਨ ਅਤੇ ਪੂਰੇ ਦੇਸ਼ ਨੂੰ ਸਾਮਰਾਜੀ ਲੁੱਟ ਦੀ ਖੁੱਲ੍ਹੀ ਚਾਰਗਾਹ ਬਣਾ ਦਿੱਤਾ ਹੈ। ਇਸੇ ਅਰਥਨੀਤੀ ਦੇ ਅਨੁਸਾਰ ਪੂੰਜੀਵਾਦੀ ਸਿਆਸਤ ਨੇ ਵੀ ਆਪਣਾ ਰੂਪ ਬਦਲਿਆ ਹੈ। ਪੂੰਜੀਵਾਦੀ ਜਮਹੂਰੀਅਤ ਦਾ ਸਾਰਤੱਤ-**ਪੂੰਜੀਵਾਦੀ ਤਾਨਾਸ਼ਾਹੀ** ਦਿਨ ਦੀ ਰੌਸ਼ਨੀ ਦੀ ਤਰ੍ਹਾਂ ਸਾਹਮਣੇ ਆ ਰਹੀ ਹੈ। ਇੱਕ ਦੇ ਬਾਅਦ ਇੱਕ ਕਾਲ਼ੇ ਕਾਨੂੰਨ ਬਣਾ ਕੇ ਜਨਤਾ ਦੇ ਬਚੇ ਖੁਚੇ ਅਧਿਕਾਰਾਂ ਨੂੰ ਵੀ ਖੋਹਿਆ ਜਾ ਰਿਹਾ ਹੈ। ਰਾਜ ਸੱਤ੍ਹਾ ਇੱਕ ਨੰਗੀ ਅੱਤਵਾਦੀ ਮਸ਼ੀਨਰੀ ਦਾ ਰੂਪ ਲੈਂਦੀ ਜਾ ਰਹੀ ਹੈ। ਪੂੰਜੀਵਾਦ ਦੇ ਚੌਤਰਫ਼ੇ ਸੰਕਟ ਅਤੇ ਸਰਮਾਏਦਾਰ ਜਮਾਤ ਜ਼ਿਆਦਾ ਤੋਂ ਜ਼ਿਆਦਾ ਨਿਰੰਕੁਸ਼ ਜਾਬਰ ਹੁੰਦੇ ਜਾਣ ਦਾ ਹੀ ਇੱਕ ਪ੍ਰਤੀਨਿਧ ਪ੍ਰਗਟਾਵਾ ਭਾਰਤ 'ਚ (ਅਤੇ ਪੂਰੀ ਦੁਨੀਆਂ 'ਚ ਵੀ) ਫਾਸੀਵਾਦੀ ਉਭਾਰ ਦੇ ਰੂਪ 'ਚ ਸਾਹਮਣੇ ਆ ਰਿਹਾ ਹੈ।

ਅੱਜ ਇੱਕ ਸੁਧਰੇ ਹੋਏ "ਸ਼ਰੀਫ" ਪੂੰਜੀਵਾਦ ਦੀ ਉਮੀਦ ਗਿਰਝਾਂ ਦੇ ਆਲ੍ਹਣੇ 'ਚੋਂ ਮਾਸ ਭਾਲਣ ਦੇ ਤੁੱਲ ਹੀ ਹੋ ਸਕਦੀ ਹੈ। ਇਤਿਹਾਸ ਦੀ ਗਤੀ ਨੂੰ ਪਿੱਛੇ ਨਹੀਂ ਮੋੜਿਆ

ਜਾ ਸਕਦਾ। ਅਤੀਤ ’ਚ ਹੱਲ ਜਾਂ ਬਦਲ ਦੀ ਖੋਜ ਬੇਅਰਥ ਹੈ। ਬਦਲ ਦੀ ਤਲਾਸ਼ ਅੱਗੇ ਭਵਿੱਖ ਵੱਲ ਵੇਖਦਿਆਂ ਹੀ ਕੀਤੀ ਜਾਣੀ ਚਾਹੀਦੀ ਹੈ। ਦੁਨੀਆਂ ਨੂੰ ਅੱਜ ‘ਬਿਹਤਰ’ ਪੂੰਜੀਵਾਦ ਨਹੀਂ ਬਲਕਿ ਪੂੰਜੀਵਾਦ ਦਾ ਬਦਲ ਚਾਹੀਦਾ ਹੈ। ਅੱਜ ਦੀ ਦੁਨੀਆਂ ਦੀ ਕੇਂਦਰੀ ਸਮੱਸਿਆ ਇਹ ਹੈ ਕਿ ਪੂੰਜੀਵਾਦ ਆਪਣੀ ਫਾਲਤੂ ਉਮਰ ਜੀਅ ਰਿਹਾ ਹੈ। ਸਮੱਸਿਆ ਇਹ ਹੈ ਕਿ ਜਿਸ ਨੂੰ ਇਤਿਹਾਸ ਦੀ ਕੂੜੇਦਾਨੀ ’ਚ ਹੋਣਾ ਚਾਹੀਦਾ ਹੈ ਉਹ ਸਾਡੀ ਛਾਤੀ ’ਤੇ ਸਵਾਰ ਬੈਠਾ ਹੈ। ਸਮੱਸਿਆ ਸਿਰਫ਼ ਇੱਕ ਹੈ ਅਤੇ ਰਾਹ ਵੀ ਇੱਕ ਹੀ ਹੈ। ਮਨੁੱਖਤਾ ਨੂੰ ਅੱਜ ਪੂੰਜੀਵਾਦੀ ਰਾਜ, ਸਮਾਜ ਅਤੇ ਸੱਭਿਆਚਾਰ ਦਾ ਬਦਲ ਚਾਹੀਦਾ ਹੈ।

ਅਸੀਂ ਇਹ ਜ਼ੋਰ ਦੇ ਕੇ ਕਹਿਣਾ ਚਾਹੁੰਦੇ ਹਾਂ ਕਿ ਵਿਗਿਆਨ ਅਤੇ ਮਨੁੱਖੀ ਚੇਤਨਾ ਦੀ ਹਜ਼ਾਰਾਂ ਸਾਲਾਂ ਦੀ ਸ਼ਾਨਦਾਰ ਤਰੱਕੀ ਦੇ ਬਾਅਦ ਕੁਦਰਤ ਅਤੇ ਮਨੁੱਖ ਨੂੰ ਮੁਨਾਫ਼ੇ ਦੀ ਹਵਸ ਨਾਲ਼ ਤਬਾਹ ਕਰਦਾ ਅਤੇ ਯੁੱਧ, ਤਬਾਹੀ ਅਤੇ ਭੁੱਖਮਰੀ ਦਾ ਕਹਿਰ ਬਰਸਾ ਰਿਹਾ, ਇੱਕ ਮਾਨਵ ਧਰੋਹੀ ਪੂੰਜੀਵਾਦੀ ਪ੍ਰਬੰਧ, ਮਨੁੱਖੀ ਇਤਿਹਾਸ ਦਾ ਆਖਰੀ ਪੜਾਅ ਨਹੀਂ ਹੈ। ਇਹ ਇਤਿਹਾਸ ਦਾ ਅੰਤ ਨਹੀਂ ਹੈ। ਸਮਾਜਵਾਦ ਦੀ ਹਾਰ ਦੇ ਹਵਾਲੇ ਦੇ-ਦੇ ਕੇ ਪੂੰਜੀਵਾਦ ਦੇ ਭਾੜੇ ਦੇ ਟੱਟੂ ਲੋਕਾਂ ਨੂੰ ਲਗਾਤਾਰ ਇਹ ਵਿਸ਼ਵਾਸ ਦਵਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਦੂਜਾ ਕੋਈ ਬਦਲ ਹੈ ਹੀ ਨਹੀਂ। ਪਰ ਜੋ ਲੁੱਟ ਦੀ ਚੱਕੀ ’ਚ ਪਿਸ ਰਹੇ ਹਨ, ਜਿਨ੍ਹਾਂ ਅੱਗੇ ਹੋਰ ਕੋਈ ਰਾਹ ਨਹੀਂ, ਜੋ ਦੇਖਦੇ ਹਨ ਕਿ ਮਿਹਨਤ ਕਰਨ ਵਾਲ਼ੀ ਵੱਡੀ ਅਬਾਦੀ ਦੀਆਂ ਹੱਡੀਆਂ ਤੋਂ ਮੁੱਠੀਭਰ ਲੋਕਾਂ ਦੇ ਸਵਰਗ ਲਈ ਪੌੜੀਆਂ ਤਿਆਰ ਕੀਤੀਆਂ ਜਾਂਦੀਆਂ ਹਨ, ਜੋ ਦੇਖਦੇ ਹਨ ਕਿ ਸਾਰੀ ਕੁਦਰਤੀ ਸੰਪੱਤੀ ਅਤੇ ਮਨੁੱਖੀ ਕਾਬਲੀਅਤ ਦੀ ਮੌਜੂਦਗੀ ਦੇ ਬਾਵਜੂਦ ਮੁਨਾਫ਼ੇ ਲਈ ਉਤਪਾਦਨ ਦੇ ਨਿਯਮ ਅਤੇ ਉਤਪਾਦਨ ਦੇ ਸਾਰੇ ਸਾਧਨਾਂ ’ਤੇ ਥੋੜ੍ਹੇ ਜਿਹੇ ਲੋਕਾਂ ਦੀ ਨਿੱਜੀ ਇਜਾਰੇਦਾਰੀ ਦੇ ਕਾਰਨ, ਬਹੁਗਿਣਤੀ ਲੋਕਾਂ ਦਾ ਜੀਣਾ ਮੁਹਾਲ ਹੈ, ਉਹ ਚੁੱਪ ਨਹੀਂ ਬੈਠਣਗੇ। ਉਹ ਸਮੂਹਕ ਆਤਮ-ਹੱਤਿਆ ਨਹੀਂ ਕਰਨਗੇ। ਉਹ ਪਸ਼ੂ ਨਹੀਂ ਬਣ ਜਾਣਗੇ। ਉਹ ਛੋਟੀਆਂ-ਮੋਟੀਆਂ ਬਗ਼ਾਵਤਾਂ ਦੇ ਰਾਹੀਂ ਇਹ ਜ਼ਾਹਿਰ ਵੀ ਕਰ ਰਹੇ ਹਨ। ਉਨ੍ਹਾਂ ਦਾ ਅਗਲਾ ਕਦਮ ਹੋਵੇਗਾ ਯੋਜਨਾਬੱਧ ਢੰਗ ਨਾਲ਼ ਸਚੇਤਨ ਇਨਕਲਾਬ ਦਾ ਰਾਹ ਤਲਾਸ਼ਣਾ ਅਤੇ ਨਵੇਂ ਸਮਾਜਕ ਆਰਥਕ ਪ੍ਰਬੰਧ ਦਾ ਨਿਰਮਾਣ ਕਰਨਾ।

ਵੀਹਵੀਂ ਸਦੀ ਦੇ ਸਮਾਜਵਾਦੀ ਇਨਕਲਾਬਾਂ ਨੇ ਪੂੰਜੀਵਾਦ ਦਾ ਬਦਲ ਪੇਸ਼ ਵੀ ਕੀਤਾ ਸੀ। ਉਹ ਅਰੰਭਕ ਪ੍ਰਯੋਗ ਸਨ। ਉਨ੍ਹਾਂ ਦੀ ਹਾਰ ਕੋਈ ਅਣਕਿਆਸੀ ਨਹੀਂ ਸੀ। ਉਨ੍ਹਾਂ ਨੂੰ ਸਿਰਫ਼ ਅਰੰਭਕ ਪ੍ਰਯੋਗਾਂ ਦੀ ਅਸਫ਼ਲਤਾ ਹੀ ਮੰਨਿਆ ਜਾ ਸਕਦਾ ਹੈ। ਅਤੀਤ ’ਚ ਵੀ ਅਜਿਹਾ ਹੋਇਆ ਹੈ ਕਿ ਇਨਕਲਾਬਾਂ ਦੇ ਪਹਿਲੇ ਚੱਕਰ ਅਸਫ਼ਲ ਹੋਏ ਹਨ। ਜੜ੍ਹਤਾਂ ਦੀਆਂ ਤਾਕਤਾਂ ’ਤੇ ਤਰੱਕੀਆਂ ਦੀਆਂ ਤਾਕਤਾਂ ਪਹਿਲੇ ਹੀ ਚੱਕਰ ’ਚ ਜੇਤੂ ਨਹੀਂ ਹੁੰਦੀਆਂ। ਵੀਹਵੀਂ ਸਦੀ ਦੇ ਮਹਾਨ ਇਨਕਲਾਬਾਂ ਦੇ ਪ੍ਰਯੋਗਾਂ ਤੋਂ ਸਬਕ ਲੈ

ਕੇ ਅਤੇ ਪੂੰਜੀਵਾਦ ਦੇ ਨਵੇਂ ਤੌਰ ਤਰੀਕਿਆਂ, ਤਰਕੀਬਾਂ ਚਾਲਾਂ ਦਾ ਅਧਿਐਨ ਕਰਕੇ ਇਸ ਸਦੀ ਦੇ ਨਵੇਂ ਇਨਕਲਾਬਾਂ ਦਾ ਰਾਹ ਖੋਜਿਆ ਜਾਵੇਗਾ ਅਤੇ ਜਿਵੇਂ ਕਿ ਅਸੀਂ ਉੱਪਰ ਕਿਹਾ ਹੈ, ਭਾਰਤ ਇਸ ਸਦੀ ਦੇ ਨਵੇਂ ਇਨਕਲਾਬ ਦੀ ਇੱਕ ਸੰਭਾਵਨਾ ਸੰਪੰਨ ਭੂਮੀ ਹੈ। ਹੁਣ ਜ਼ਰੂਰਤ ਹੈ ਉਨ੍ਹਾਂ ਸਾਹਸੀ ਪ੍ਰਯੋਗਕਰਤਾਵਾਂ ਦੀ, ਜੋ ਸਮਾਜ ਨੂੰ ਬਦਲਣ ਦੇ ਵਿਗਿਆਨ ਨੂੰ ਜਨਤਾ ਨੂੰ ਚੇਤਨ ਅਤੇ ਜਥੇਬੰਦ ਕਰਨ ਦਾ ਜ਼ਰੀਆ ਬਣਾਉਣਗੇ, ਜੋ ਜ਼ਿੰਦਗੀ ਬਦਲਣ ਦਾ ਹਥਿਆਰ ਜ਼ਿੰਦਗੀ ਦੀ ਜਾਣਕਾਰੀ ਨਾਲ਼ ਘੜਣਗੇ।

ਜ਼ਰੂਰਤ ਹੈ ਅਜਿਹੇ ਬਹਾਦਰ, ਵਿਚਾਰਵਾਨ ਨੌਜਵਾਨਾਂ ਦੀ ਜੋ ਇਸ ਕੰਮ ਨੂੰ ਅੰਜਾਮ ਦੇਣ ਦੇ ਲਈ ਅੱਗੇ ਆਉਣ। ਇਹ ਤਾਂ ਸਾਰੇ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਮਾਂ-ਬਾਪ ਨੂੰ ਉਨ੍ਹਾਂ ਦੀ ਜ਼ਰੂਰਤ ਹੈ, ਜੋ ਲੋਕ ਇਹ ਮਹਿਸੂਸ ਕਰਦੇ ਹਨ ਕਿ ਸਮਾਜ ਨੂੰ ਉਨ੍ਹਾਂ ਦੀ ਜ਼ਰੂਰਤ ਹੈ, ਉਹ ਹੀ ਸਮਾਜ ਨੂੰ ਬਦਲਣ ਦੇ ਸੰਦ ਘੜਦੇ ਹਨ ਅਤੇ ਬਦਲਣ ਦੀ ਤਾਕਤ ਰੱਖਣ ਵਾਲ਼ੀ ਜਨਤਾ ਦੇ ਹਿਰਾਵਲ ਬਣਦੇ ਹਨ। ਅੱਜ ਇੱਕ ਵਾਰ ਫਿਰ ਸਭ ਕੁੱਝ ਨਵੇਂ ਸਿਰੇ ਤੋਂ ਸ਼ੁਰੂ ਕਰਨਾ ਹੈ ਅਤੇ ਇਸ ਦੇ ਲਈ ਕੋਈ ਮਸੀਹਾ ਧਰਤੀ ’ਤੇ ਨਹੀਂ ਆਵੇਗਾ। ਬਦਲਾਅ ਦੀ ਤਿਆਰੀ ਆਮ ਜਨਤਾ ਦੇ ਕੁੱਝ ਬਹਾਦਰ ਸਪੂਤ ਹੀ ਸ਼ੁਰੂ ਕਰਨਗੇ। ਅਜਿਹੇ ਹੀ ਲੋਕ ਸੱਚੇ ਨੌਜਵਾਨ ਹਨ। ਉਨ੍ਹਾਂ ਦੀ ਗਿਣਤੀ ਹੀ ਬਹੁਗਿਣਤੀ ਹੈ। ਪਰ ਹਾਲੇ ਉਹ ਨਿਰਾਸ਼ਾ ਜਾਂ ‘ਕੀ ਕਰੀਏ ਤੇ ਕੀ ਨਾ’ ਦੀ ਦੁਵਿਧਾਗ੍ਰਸਤ ਮਾਨਸਿਕਤਾ ਨਾਲ਼ ਗ੍ਰਸਤ ਹਨ। ਸਹੀ ਹੈ ਕਿ ਹਾਰ ਦੇ ਸਮੇਂ ਕੁੱਝ ਨਿਰਾਸ਼ਾ ਆ ਜਾਂਦੀ ਹੈ ਪਰ ਆਖਿਰ ਕਦੋਂ ਤੱਕ ? ਹੁਣ ਉਭਰਨ ਦਾ ਸਮਾਂ ਆ ਚੁੱਕਾ ਹੈ। ਇਸ ਦੇ ਸੰਕੇਤਾਂ ਨੂੰ ਪਹਿਚਾਨਣ ਦੀ ਕੋਸ਼ਿਸ਼ ਤਾਂ ਕਰੋ। ਕੀ ਅਜਿਹੇ ਹਜ਼ਾਰਾਂ ਹੀ ਕਾਰਨ ਨਹੀਂ ਕਿ ਅਸੀਂ ਬਗ਼ਾਵਤ ਕਰ ਦਈਏ ਅਤੇ ਕੀ ਇਨ੍ਹਾਂ ’ਚੋਂ ਕੁੱਝ ਇੱਕ ਹੀ ਕਾਫ਼ੀ ਨਹੀਂ ਕਿ ਅਸੀਂ ਆਪਣੀ ਤਿਆਰੀ ਹੁਣੇ ਤੋਂ ਸ਼ੁਰੂ ਕਰ ਦਈਏ ? ਬਰਤੋਲਤ ਬ੍ਰੈਖਤ ਦੀ ਕਵਿਤਾ ਤੋਂ ਕੁੱਝ ਸਤਰਾਂ ਉਧਾਰ ਲੈ ਕੇ ਅਸੀਂ ਇਸ ਦੇਸ਼ ਦੀ ਆਮ ਜਨਤਾ ਦੇ ਸਾਰੇ ਬਹਾਦਰ, ਇਨਸਾਫ਼ਪਸੰਦ, ਸਵੈਅਭਿਮਾਨੀ, ਸੰਵੇਦਨਸ਼ੀਲ, ਸੁਪਨਸ਼ੀਲ, ਨੌਜਵਾਨ ਸਪੂਤਾਂ ਤੋਂ ਪੁੱਛਣਾ ਚਾਹੁੰਦੇ ਹਾਂ :

**ਕਿਸ ਚੀਜ਼ ਦਾ ਇੰਤਜ਼ਾਰ ਹੈ ? ਅਤੇ ਕਦ ਤੱਕ ? ਦੁਨੀਆ ਨੂੰ ਤੇਰੀ ਜ਼ਰੂਰਤ ਹੈ।**

•••••

# ਉਮੀਦ ਮਹਿਜ਼ ਇੱਕ ਭਾਵਨਾ ਨਹੀਂ ਹੈ !

ਸਾਡਾ ਇਹ ਵਿਸ਼ਵਾਸ ਹਜ਼ਾਰਾਂ ਸਾਲ ਦੇ ਜਮਾਤੀ ਸੰਘਰਸ਼ਾਂ ਦੇ ਲੰਮੇ ਇਤਿਹਾਸ ’ਚੋਂ, ਸੈਂਕੜੇ ਸਾਲਾਂ ਦੇ ਪੂੰਜੀਵਾਦ ਦੇ ਇਤਿਹਾਸ ਅਤੇ ਪੂੰਜੀਵਾਦ ਵਿਰੋਧੀ ਮਜ਼ਦੂਰ ਇਨਕਲਾਬਾਂ ਦੇ ਪਿਛਲੇ ਗੇੜ ਦੇ ਸਾਕਾਰਤਮ-ਨਾਕਾਰਾਤਮਕ ਅਨੁਭਵਾਂ ’ਚੋਂ ਨਿਕਲਿਆ ਹੈ ਕਿ ਧਰਤੀ ਦੇ ਅਰਬਾਂ ਆਮ ਲੋਕ ਪੂੰਜੀ ਦੇ ਜੂਲੇ ਹੇਠ ਪਿਸਦੇ ਹੋਏ ਇੰਝ ਹੀ (ਚੁੱਪ-ਚਾਪ) ਅਤੇ ਨਿਰਾਸ਼ਾ ਦੀ ਹਨ੍ਹੇਰੀ, ਦਲਦਲ ਵਿੱਚ ਸਿਰ ਸੁੱਟ ਕੇ ਪਏ ਨਹੀਂ ਰਹਿਣਗੇ। ਸੰਸਾਰ ਪੂੰਜੀਵਾਦ ਦੀ ਆਰਥਿਕ ਬੁਨਿਆਦ ਖੋਖਲੀ ਹੋ ਚੁੱਕੀ ਹੈ। ਆਪਣੀ ਜੜਤਾ ਦੀ ਤਾਕਤ ਦੇ ਸਹਾਰੇ ਇਹ ਇਤਿਹਾਸ ਦੇ ਰਾਹ ’ਚ ਪੂਰੀ ਤਾਕਤ ਲਗਾ ਕੇ ਅੜਿਆ ਹੋਇਆ ਹੈ ਪਰ ਇਹ ਤਾਕਤ ਲਗਾਤਾਰ ਖੁਰ ਰਹੀ ਹੈ। ਇਸ ਦੀ ਮੂਲ ਤਾਕਤ ਇਹ ਹੈ ਕਿ ਹਾਰ ਦੀ ਸੱਟ ਨਾਲ਼ ਖਿੰਡੀਆਂ ਹੋਈਆਂ ਇਨਕਲਾਬੀ ਤਾਕਤਾਂ ਅਜੇ ਨਵੀਆਂ ਹਾਲਤਾਂ ਦੀ ਠੀਕ ਸਮਝ ਬਣਾ ਕੇ ਨਵੇਂ ਸਿਰੇ ਤੋਂ ਇੱਕਜੁੱਟ ਅਤੇ ਲਾਮਬੰਦ ਨਹੀਂ ਹੋ ਸਕੀਆਂ ਹਨ। ਮੁਕਤੀ ਦੀਆਂ ਨਵੀਆਂ ਯੋਜਨਾਵਾਂ ਅਜੇ ਤਿਆਰ ਹੋ ਰਹੀਆਂ ਹਨ। ਨਿਸ਼ਚਿਤ ਹੀ ਇਹ ਪ੍ਰਕਿਰਿਆ ਲੰਮੀ ਅਤੇ ਸਖਤ ਮਿਹਨਤ ਵਾਲ਼ੀ ਹੋਵੇਗੀ। ਪਰ ਉੱਨਾ ਹੀ ਵੱਡਾ ਸੱਚ ਇਹ ਹੈ ਕਿ ਇਹ ਅਟੱਲ ਹੈ।

ਇਹ ਉਮੀਦ ਮਹਿਜ਼ ਇੱਕ ਭਾਵਨਾ ਨਹੀਂ ਹੈ। ਉਮੀਦਾਂ ਵਾਸਤਵਿਕ ਉੱਦੋਂ ਹੀ ਹੁੰਦੀਆਂ ਹਨ, ਜਦੋਂ ਉਨ੍ਹਾਂ ਦਾ ਇੱਕ ਵਿਗਿਆਨ ਹੁੰਦਾ ਹੈ। ਪਲੈਖਾਨੋਵ ਨੇ ਲਿਖਿਆ ਹੈ ਕਿ ਲੋਕਾਈ ਨਾਲ਼ੋਂ ਟੁੱਟੇ ਹੋਏ ਬੁੱਧੀਜੀਵੀ ਹਵਾਈ, ਅਤਿ-ਆਸ਼ਾਵਾਦੀ ਗੁਲਾਬੀ ਉਮੀਦਾਂ ਦੇ ਆਦੀ ਹੁੰਦੇ ਹਨ। ਲੋਕਾਂ ਨੂੰ ਇਨਕਲਾਬੀ ਚੇਤਨਾ ਦੇਣ ਅਤੇ ਉਨ੍ਹਾਂ ਦੇ ਜੀਵਨ ਨਾਲ਼ ਗੂੜ੍ਹੇ ਰੂਪ ਵਿੱਚ ਇੱਕ ਰੂਪ ਹੋ ਕੇ ਉਨ੍ਹਾਂ ਦੇ ਸਿਆਸੀ ਸੰਘਰਸਾਂ ਨੂੰ ਅੱਗੇ ਵਿਕਸਿਤ ਕਰਨ ਦਾ ਲੰਮਾ, ਸਖਤ ਕੰਮ ਉਨ੍ਹਾਂ ਨੂੰ ਅਕਾਊ ਪ੍ਰਤੀਤ ਹੁੰਦਾ ਹੈ। ਅਜਿਹੇ ਲੋਕ ਸਮਾਜਿਕ ਇਨਕਲਾਬਾਂ ਦੀਆਂ ਗੁੰਝਲਦਾਰ ਸਮੱਸਿਆਵਾਂ ਨੂੰ ਸਮਝੇ ਬਗੈਰ ਇਨਕਲਾਬਾਂ ਦੀ ਹਰ ਜਿੱਤ ’ਤੇ ਚੀਕ-ਚੀਕ ਕੇ ਜਿੱਤ ਦੇ ਜਸ਼ਨ ਮਨਾਉਂਦੇ ਹਨ ਅਤੇ ਇਨਕਲਾਬਾਂ ਦਾ ਭਾਵੁਕ ਯਸ਼ਗਾਣ ਕਰਦੇ ਹਨ ਅਤੇ ਜਦੋਂ ਹਾਰ ਅਤੇ ਕਾਲ਼ੀਆਂ ਤਾਕਤਾਂ ਦੇ ਮੁੜ ਸੁਰਜੀਤੀ ਦੇ ਦੌਰ ਆਉਂਦੇ ਹਨ ਤਾਂ ਹਨ੍ਹੇਰੇ ਬੰਦ ਕਮਰਿਆਂ ’ਚ ਉਹ ਗਮਗੀਨ ਵਿਰਲਾਪ ਕਰਨ ਲੱਗਦੇ ਹਨ, ਇਨਕਲਾਬੀਆਂ ਨੂੰ ਕੋਸਣ ਲੱਗਦੇ ਹਨ ਅਤੇ ਬਦਲਾਅ ਦੇ ਹਰ ਯਤਨ-ਪ੍ਰਯੋਗ ਦੀ ਅਟੱਲ ਅਸਫਲਤਾ ਦੀ ਭਵਿੱਖਬਾਣੀ ਕਰਦੇ ਹੋਏ ਲਹੂ ਪੀਣੇ ਵਰਗਾਂ

ਦੀ ਸ਼ਰਨ 'ਚ ਜੀਣ ਲੱਗਦੇ ਹਨ। ਬਦਲਾਅ ਦੀ ਇੱਛਾ ਰੱਖਣ ਵਾਲ਼ੇ ਨੌਜਵਾਨਾਂ ਨੂੰ ਅਜਿਹੇ ਬੁੱਧੀਜੀਵੀਆਂ ਦੀ ਛਾਂ ਤੋਂ ਵੀ ਦੂਰ ਰਹਿਣਾ ਹੋਵੇਗਾ। ਉਨ੍ਹਾਂ ਨੂੰ ਇਤਿਹਾਸ ਘਾੜੇ ਲੋਕਾਂ ਤੋਂ ਸਿੱਖਣਾ ਹੋਵੇਗਾ, ਲੋਕਾਂ ਦਾ ਆਦਮੀ ਬਣਨਾ ਹੋਵੇਗਾ ਅਤੇ ਆਪਣੀ ਹਿਰਾਵਲ ਭੂਮਿਕਾ ਦੀ ਸਖਤ ਤਿਆਰੀ ਕਰਨੀ ਹੋਵੇਗੀ। ਉਨ੍ਹਾਂ ਨੂੰ ਹਵਾਈ ਆਸ਼ਾਵਾਦੀ ਨਹੀਂ, ਸਗੋਂ ਵਿਗਿਆਨਕ ਆਸ਼ਾਵਾਦੀ ਬਣਨਾ ਹੋਵੇਗਾ।

ਇਸੇ ਦ੍ਰਿਸ਼ਟੀ ਤੋਂ ਅਸੀਂ ਇੱਥੇ ਭਾਵੀ ਇਨਕਲਾਬ ਦੀ ਤਿਆਰੀ ਦੇ ਰਾਹ ਦੀਆਂ ਕੁੱਝ ਬੁਨਿਆਦੀ ਰੁਕਾਵਟਾਂ, ਸਮੱਸਿਆਵਾਂ ਅਤੇ ਚੁਣੌਤੀਆਂ ਦੀ ਚਰਚਾ ਕਰਾਂਗੇ।

ਖੜ੍ਹੋਤ-ਪਿੱਛਲਮੋੜੇ ਦੇ ਪਿਛਾਖੜੀ ਦੌਰਾਂ 'ਚ ਇਨਕਲਾਬੀਆਂ ਦੀਆਂ ਨਵੀਆਂ ਪੀੜ੍ਹੀਆਂ ਸਾਹਮਣੇ ਆਮ ਤੌਰ 'ਤੇ ਇੱਕ ਸਮੱਸਿਆ ਇਹ ਆਉਂਦੀ ਹੈ ਕਿ ਅਤੀਤ ਦੇ ਸਫਲ ਅਤੇ ਮਹਾਨ ਇਨਕਲਾਬਾਂ ਦੀਆਂ ਯਾਦਾਂ, ਇੱਕ ਤਰ੍ਹਾਂ ਅੰਧਵਿਸ਼ਵਾਸੀ ਅਤੇ ਇਤਿਹਾਸਗ੍ਰਸਤਤਾ ਦੀਆਂ ਪ੍ਰਵਿਰਤੀਆਂ ਨੂੰ ਜਨਮ ਦਿੰਦੀਆਂ ਹਨ। ਨਵੀਂ ਪੀੜ੍ਹੀ ਦੇ ਇਨਕਲਾਬੀ ਆਪਣੇ ਮਹਾਨ ਪੂਰਵਜਾਂ ਦੀ ਛਾਂ 'ਚ ਚੱਲਦੇ ਹੋਏ ਭਵਿੱਖ ਦੀਆਂ ਮੰਜ਼ਿਲਾਂ ਸਰ ਕਰਨਾ ਚਾਹੁੰਦੇ ਹਨ, ਇਤਿਹਾਸ ਤੋਂ ਸਿੱਖ ਕੇ ਵਰਤਮਾਨ ਦਾ ਅਧਿਐਨ ਕਰਨ ਅਤੇ ਭਵਿੱਖ ਦੇ ਮਾਰਗਾਂ ਦੀ ਖੋਜ ਕਰਨ ਦੀ ਬਜਾਇ ਇਤਿਹਾਸ ਦੀ ਅੰਨ੍ਹੇਵਾਹ ਨਕਲ ਕਰਨਾ ਚਾਹੁੰਦੇ ਹਨ। ਇਹ ਇਸ ਲਈ ਹੁੰਦਾ ਹੈ ਕਿ ਇਹ ਰਾਹ ਸਰਲ-ਸੰਖੇਪ ਪ੍ਰਤੀਤ ਹੁੰਦਾ ਹੈ ਅਤੇ ਇਸ ਲਈ ਵੀ ਹੁੰਦਾ ਹੈ ਕਿ ਪਰਪੱਕਤਾ ਨਾ ਹੋਣ ਕਾਰਨ ਮਹਾਨ ਇਨਕਲਾਬਾਂ ਦੀ ਤੇਜ਼ ਰੋਸ਼ਨੀ 'ਚ ਸਾਡੀਆਂ ਅੱਖਾਂ ਚੁੰਧਿਆ ਜਾਂਦੀਆਂ ਹਨ। ਮੁਕਤੀ ਦੇ ਨਵੇਂ ਪ੍ਰਾਜੈਕਟ ਦੀ ਤਿਆਰੀ ਅਤੇ ਵਿਵਹਾਰ ਲਈ ਇਸ ਨਕਲ ਕਰਨ ਵਾਲ਼ੀ ਮਾਨਸਿਕਤਾ ਤੋਂ ਮੁਕਤ ਹੋਣਾ ਹੋਵੇਗਾ ਅਤੇ ਪ੍ਰਯੋਗਾਂ ਦੌਰਾਨ ਹੋਣ ਵਾਲ਼ੀਆਂ ਸੁਭਾਵਿਕ ਗਲਤੀਆਂ ਦਾ ਖ਼ਤਰਾ ਮੁੱਲ ਲੈਣ ਲਈ ਇਨਕਲਾਬੀਆਂ ਨੂੰ ਤਿਆਰ ਹੋਣਾ ਹੋਵੇਗਾ।

ਨਿਸ਼ਚਿਤ ਹੀ ਇਤਿਹਾਸ-ਨਿਖੇਧੀ ਪ੍ਰਵਿਰਤੀ ਦਾ ਸ਼ਿਕਾਰ ਹੋਣਾ ਵੀ ਇੱਕ ਦੂਜੀ ਅੱਤ ਹੋਵੇਗੀ ਅਤੇ ਇਹ ਵੀ ਉੱਨੀ ਹੀ ਵੱਡੀ ਗ਼ਲਤੀ ਹੋਵੇਗੀ। ਸਾਨੂੰ ਪਰੰਪਰਾ ਅਤੇ ਬਦਲਾਅ ਦੇ ਦਵੰਦਾਤਮਕ ਅੰਤਰ-ਸਬੰਧ ਨੂੰ ਸਹੀ ਢੰਗ ਨਾਲ਼ ਸਮਝਣਾ ਹੋਵੇਗਾ। **ਇਤਿਹਾਸਗ੍ਰਸਤਤਾ** ਅਤੇ **ਇਤਿਹਾਸ-ਨਿਖੇਧ ਦੀਆਂ ਦੋ ਅੱਤਾਂ ਤੋਂ**-ਮਤਲਬ ਕਠਮੁੱਲਾਵਾਦ ਅਤੇ "ਮੁਕਤ-ਚਿੰਤਨ" ਦੋਵਾਂ ਤੋਂ ਹੀ ਬੱਚਦੇ ਹੋਏ ਸਾਨੂੰ ਵਾਸਤਵਿਕ ਇਤਿਹਾਸ-ਬੋਧ ਨਾਲ਼ ਲੈਸ ਹੋਣਾ ਪਵੇਗਾ।

ਬਹੁਤ ਕੁੱਝ ਅਜਿਹਾ ਹੈ ਜੋ ਅਤੀਤ ਦੇ ਸਮਾਜਿਕ ਇਨਕਲਾਬਾਂ ਅਤੇ ਜਮਾਤੀ ਸੰਘਰਸ਼ਾਂ ਦੇ ਸਮੁੱਚੇ ਇਤਿਹਾਸ ਦੇ ਅਧਿਐਨ ਬਿਨਾਂ ਜਾਣਿਆ-ਸਮਝਿਆ ਹੀ ਨਹੀਂ ਜਾ ਸਕਦਾ। ਸਮਾਜ ਦੀ ਬੁਨਿਆਦੀ ਆਰਥਿਕ ਸੰਰਚਨਾ ਅਤੇ ਸਮਾਜਿਕ-ਸੱਭਿਆਚਾਰਕ-ਵਿਚਾਰਕ-ਰਾਜਨੀਤਕ ਕਾਨੂੰਨ ਉਸਾਰ ਢਾਂਚੇ ਦੀ ਗਤੀ ਦੇ ਕੁੱਝ ਆਮ ਨੇਮ ਹਨ, ਜੋ ਜਮਾਤੀ ਸਮਾਜ ਦੇ ਸੰਪੂਰਨ ਇਤਿਹਾਸ ਦੀ ਸਿੱਖਿਆ ਹਨ ਅਤੇ ਇਹ ਨੇਮ ਉੱਦੋਂ ਤੱਕ

ਅਸਰਅੰਦਾਜ਼ ਰਹਿਣਗੇ ਜਦੋਂ ਤੱਕ ਜਮਾਤੀ ਸਮਾਜ ਮੌਜੂਦ ਰਹੇਗਾ। ਕੁੱਝ ਆਮ ਉਦਾਹਰਣਾਂ ਨਾਲ਼ ਅਸੀਂ ਗੱਲ ਨੂੰ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰਾਂਗੇ। (ੳ) ਹੁਣ ਤੱਕ ਜਾਣਿਆ ਗਿਆ ਇਤਿਹਾਸ ਜਮਾਤੀ ਸੰਘਰਸ਼ਾਂ ਦਾ ਇਤਿਹਾਸ ਹੈ ਅਤੇ ਜਦੋਂ ਤੱਕ ਜਮਾਤਾਂ ਦੀ ਹੋਂਦ ਬਣੀ ਰਹੇਗੀ, ਜਮਾਤੀ ਸੰਘਰਸ਼ ਹੀ ਇਤਿਹਾਸ-ਵਿਕਾਸ ਦੀ ਬੁਨਿਆਦੀ ਕੜੀ ਬਣਿਆ ਰਹੇਗਾ। (ਅ) ਹਰ ਹਾਕਮ ਲੁਟੇਰੀ ਜਮਾਤ ਰਾਜ ਸੱਤ੍ਹਾ ਨੂੰ ਤਾਕਤ ਦੀ ਵਰਤੋਂ ਦੇ ਕੇਂਦਰੀ ਸਾਧਨ ਦੇ ਰੂਪ 'ਚ ਵਰਤ ਕੇ ਆਪਣੀ ਲੁੱਟ ਦੀ ਹਕੂਮਤ ਨੂੰ ਬਣਾਈ ਰੱਖਦੀ ਹੈ। ਹਰ ਰਾਜਸੱਤ੍ਹਾ ਦਾ ਇੱਕ ਜਮਾਤੀ ਚਰਿੱਤਰ ਹੁੰਦਾ ਹੈ ਅਤੇ ਤਾਕਤ ਦੀ ਵਰਤੋਂ ਦੇ ਇਸ ਸੰਦ ਨੂੰ ਜਨਤਾ ਤਾਕਤ ਨਾਲ਼ ਹੀ ਮਤਲਬ ਸਮਾਜਿਕ ਇਨਕਲਾਬਾਂ ਦੁਆਰਾ ਹੀ ਤਬਾਹ ਕਰ ਸਕਦੀ ਹੈ। (ੲ) ਪੈਦਾਵਾਰੀ ਸਬੰਧ ਜਦੋਂ ਉਤਪਾਦਕ ਸ਼ਕਤੀਆਂ ਦੇ ਵਿਕਾਸ ਕਰਕੇ ਨਵੇਂ ਅਨੁਕੂਲ ਉਤਪਾਦਨ ਸਬੰਧ ਕਾਇਮ ਕਰਦੀਆਂ ਹਨ ਇਹ ਸਮਾਜਿਕ ਇਨਕਲਾਬਾਂ ਦੀ ਅਟੱਲਤਾ ਦਾ ਮੂਲ ਸੂਤਰ ਹੈ। ਇਹ ਕੁੱਝ ਅਜਿਹੇ ਆਮ ਵਿਕਾਸ ਦੇ ਨੇਮ ਹਨ ਜੋ ਜਮਾਤੀ ਸਮਾਜ ਦੇ ਦੂਰ-ਦੁਰਾਡੇ ਅਤੀਤ ਤੋਂ ਦੂਰ-ਦੁਰਾਡੇ ਭਵਿੱਖ ਤੱਕ ਦੇ ਇਤਿਹਾਸਕ ਦੌਰ 'ਤੇ ਲਾਗੂ ਹੁੰਦੇ ਹਨ।

ਇਸੇ ਤਰ੍ਹਾਂ ਕੁੱਝ ਅਜਿਹੇ ਨਿਯਮ ਹਨ ਜਿਨ੍ਹਾਂ ਦੀ ਪ੍ਰਸੰਗਿਕਤਾ ਉਦੋਂ ਤੱਕ ਬਣੀ ਰਹੇਗੀ ਜਦੋਂ ਤੱਕ ਪੂੰਜੀਵਾਦ ਕਿਸੇ ਨਾ ਕਿਸੇ ਰੂਪ ਵਿੱਚ ਧਰਤੀ 'ਤੇ ਮੌਜੂਦ ਰਹੇਗਾ। (ੳ) ਪੂੰਜੀਵਾਦ ਦਾ ਖਾਤਮਾ ਸਿਰਫ ਮਜ਼ਦੂਰ ਜਮਾਤ ਅਤੇ ਉਸ ਦੀ ਅਗਵਾਈ ਵਿੱਚ ਪੂਰੇ ਹੋਏ ਮਜ਼ਦੂਰ ਇਨਕਲਾਬ ਦੁਆਰਾ ਹੀ ਸੰਭਵ ਹੋਵੇਗਾ। (ਅ) ਹਰ ਕਿਸਮ ਦੀ ਪੂੰਜੀਵਾਦੀ ਜਮਹੂਰੀਅਤ ਬੁਰਜੂਆਜ਼ੀ ਦੀ ਤਾਨਾਸ਼ਾਹੀ ਹੁੰਦੀ ਹੈ ਅਤੇ ਇਸ ਦਾ ਇੱਕੋ-ਇੱਕ ਇਤਿਹਾਸਿਕ ਬਦਲ ਸਮਾਜਵਾਦੀ ਜਮਹੂਰੀਅਤ ਹੁੰਦੀ ਹੈ ਜੋ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਹੁੰਦੀ ਹੈ। (ੲ) ਮਜ਼ਦੂਰ ਇਨਕਲਾਬ ਮਜ਼ਦੂਰ ਜਮਾਤ ਦੀ ਇੱਕ ਇੱਕਜੁੱਟ ਪਾਰਟੀ ਦੀ ਅਗਵਾਈ ਵਿੱਚ ਹੀ ਸੰਭਵ ਹੈ ਅਤੇ ਇਸ ਪਾਰਟੀ ਦੇ ਢਾਂਚੇ ਅਤੇ ਕਾਰਜਪ੍ਰਣਾਲੀ ਦੇ ਕੁੱਝ ਆਮ ਨਿਯਮ ਹਨ ਜੋ ਅਤੀਤ ਦੇ ਮਜ਼ਦੂਰ ਸੰਘਰਸ਼ਾਂ 'ਚੋਂ ਪੈਦਾ ਹੋਏ ਹਨ ਅਤੇ ਮਜ਼ਦੂਰ ਇਨਕਲਾਬਾਂ ਦੇ ਪ੍ਰਯੋਗਾਂ ਵਿੱਚ ਸਹੀ ਸਾਬਿਤ ਅਤੇ ਅਮੀਰ ਹੋਏ ਹਨ (ਸ) ਮਜ਼ਦੂਰ ਜਮਾਤ ਦਾ ਇਤਿਹਾਸਿਕ ਮਿਸ਼ਨ ਪੂੰਜੀਵਾਦ ਦੀ ਤਬਾਹੀ ਦੇ ਨਾਲ਼ ਹੀ ਜਮਾਤੀ ਸਮਾਜ ਦੇ ਇਤਿਹਾਸ ਤੋਂ ਜਮਾਤ ਰਹਿਤ ਸਮਾਜ ਵਿੱਚ ਤਬਦੀਲੀ ਦਾ ਹਰਾਵਲ ਬਣਨਾ ਵੀ ਹੈ, ਇਹ ਇਤਿਹਾਸ ਦੀ ਅੰਤਿਮ ਅਤੇ ਸਭ ਤੋਂ ਵੱਧ ਅਗਾਂਹਵਧੂ ਜਮਾਤ ਹੈ ਅਤੇ ਮਜ਼ਦੂਰ ਇਨਕਲਾਬ ਇਤਿਹਾਸ ਦੇ ਪਹਿਲੇ ਅਤੇ ਅੰਤਿਮ ਸੁਚੇਤ, ਜਥੇਬੰਦਕ ਇਨਕਲਾਬ ਹਨ। (ਹ) ਸਮਾਜਵਾਦ, ਜਮਾਤੀ ਸਮਾਜ ਤੋਂ ਜਮਾਤ ਰਹਿਤ ਸਮਾਜ 'ਚ ਤਬਦੀਲੀ ਦੀ ਹਾਰ ਜਿੱਤ ਨਾਲ਼ ਲਬਰੇਜ਼ ਇੱਕ ਲੰਮਾ ਇਤਿਹਾਸਿਕ ਦੌਰ ਹੈ, ਕਮਿਊਨਿਜ਼ਮ 'ਚ ਤਬਦੀਲੀ ਦੇ ਉੱਨਤ ਪੜਾਅ 'ਚ ਜਮਾਤਾਂ ਦੇ ਅਲੋਪ ਹੋਣ ਦੇ ਨਾਲ਼ ਹੀ ਰਾਜ ਸੱਤ੍ਹਾ ਦੇ ਅਲੋਪ ਹੋਣ ਦੀ ਵੀ ਪ੍ਰਕ੍ਰਿਆ ਪੂਰੀ ਹੋਵੇਗੀ। ਇਹ ਕੁੱਝ ਅਜਿਹੇ ਆਮ

ਸੂਤਰ ਹਨ ਜੋ ਉਸ ਸਮੇਂ ਤੱਕ ਪ੍ਰਸੰਗਿਕ ਬਣੇ ਰਹਿਣਗੇ, ਜਦੋਂ ਤੱਕ ਪੂੰਜੀਵਾਦ ਦੀ ਹੋਂਦ ਬਣੀ ਰਹੇਗੀ। (ਸਮਾਜਵਾਦੀ ਤਬਦੀਲੀ ਦੇ ਦੌਰਾਨ ਵੀ)।

ਕੁੱਝ ਅਜਿਹੇ ਆਮ ਨਿਯਮ ਹਨ ਜੋ ਸਾਮਰਾਜਵਾਦ ਤੇ ਮਜ਼ਦੂਰ ਇਨਕਲਾਬਾਂ ਦੇ ਪੂਰੇ ਵਰਤਮਾਨ ਯੁੱਗ ਦੇ ਜਾਰੀ ਰਹਿਣ ਤੱਕ ਪ੍ਰਸੰਗਿਕ ਬਣੇ ਰਹਿਣਗੇ। ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ ਹੈ। ਉੱਨੀਵੀਂ-ਵੀਹਵੀਂ ਸਦੀ ਦੇ ਸੰਧੀਕਾਲ ’ਤੇ ਪੈਦਾਵਾਰ ਦੀ ਪੂੰਜੀਵਾਦੀ ਪ੍ਰਣਾਲੀ ਵਿੱਚ ਕਈ ਮਹੱਤਵਪੂਰਨ ਬੁਨਿਆਦੀ, ਸੰਰਚਨਾਗਤ ਬਦਲਾਅ ਆਏ, ਜਿਨ੍ਹਾਂ ਨੇ ਪੂਰੀ ਦੁਨੀਆ ਦੀ ਸਿਆਸਤ ਵਿੱਚ ਕਾਫੀ ਕੁੱਝ ਬਦਲ ਦਿੱਤਾ। ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦੇ ਖੇਤਰ ਵਿੱਚ ਪੈਦਾਵਾਰ ਦੇ ਕੇਂਦਰੀਕਰਨ ਦੇ ਉੱਚ ਪੱਧਰ ਨੇ ਪੂੰਜੀਵਾਦੀ ਇਜਾਰੇਦਾਰੀ ਨੂੰ ਜਨਮ ਦਿੱਤਾ। ਪੈਦਾਵਾਰੀ ਸਬੰਧਾਂ ਦੇ ਖੇਤਰ ਵਿੱਚ ਇਨ੍ਹਾਂ ਇਜਾਰੇਦਾਰੀਆਂ ਦੀ ਸਰਦਾਰੀ ਸਥਾਪਿਤ ਹੋਈ। “ਸਾਮਰਾਜਵਾਦ, ਪੂੰਜੀਵਾਦ ਦੇ ਵਿਕਾਸ ਦਾ ਉਹ ਪੜਾਅ ਹੈ, ਜਿੱਥੇ ਪਹੁੰਚ ਕੇ ਇਜਾਰੇਦਾਰੀਆਂ ਅਤੇ ਵਿੱਤੀ ਪੂੰਜੀ ਦੀ ਸਰਦਾਰੀ ਮਜ਼ਬੂਤੀ ਨਾਲ਼ ਸਥਾਪਿਤ ਹੋ ਚੁੱਕੀ ਹੈ, ਜਿਸ ਵਿੱਚ ਪੂੰਜੀ ਦਾ ਨਿਰਯਾਤ ਬਹੁਤ ਜ਼ਿਆਦਾ ਮਹੱਤਵ ਗ੍ਰਹਿਣ ਕਰ ਚੁੱਕਾ ਹੈ, ਜਿਸ ਵਿੱਚ ਅੰਤਰਰਾਸ਼ਟਰੀ ਟਰੱਸਟਾਂ ਵਿਚਕਾਰ ਦੁਨੀਆਂ ਦੀ ਵੰਡ ਸ਼ੁਰੂ ਹੋ ਗਈ ਹੈ, ਜਿਸ ਵਿੱਚ ਸਭ ਤੋਂ ਵੱਡੀਆਂ ਪੂੰਜੀਵਾਦੀ ਤਾਕਤਾਂ ਵਿਚਕਾਰ ਧਰਤੀ ਦੇ ਸਾਰੇ ਖੇਤਰਾਂ ਦੀ ਵੰਡ ਸ਼ੁਰੂ ਹੋ ਚੁੱਕੀ ਹੈ।” (**ਲੈਨਿਨ**) ਅਰਥਚਾਰੇ ਦੀ ਇਜਾਰੇਦਾਰੀ ਦੀ ਪ੍ਰਵਿਰਤੀ ਪੂੰਜੀਵਾਦ ਦੇ ਵਿਕਾਸ ਦੇ ਸਭ ਤੋਂ ਉੱਚੇ ਅਤੇ ਅੰਤਿਮ ਪੜਾਅ ਦੇ ਰੂਪ ਵਿੱਚ ਖੜ੍ਹੋਤ ਮਾਰੇ, ਪਰਜੀਵੀ ਅਤੇ ਮਰ ਰਹੇ ਪੂੰਜੀਵਾਦ ਦੇ ਰੂਪ ਵਿੱਚ ਸਾਮਰਾਜਵਾਦ ਦੀ ਇਤਿਹਾਸਕ ਥਾਂ ਨਿਰਧਾਰਿਤ ਕਰਦੀ ਹੈ। ਅਸਾਵਾਂ ਵਿਕਾਸ, ਅੰਤਰ-ਸਾਮਰਾਜਵਾਦੀ ਮੁਕਾਬਲਾ ਅਤੇ ਵਿੱਚ-ਵਿੱਚ ਯੁੱਧਾਂ ਦੇ ਰੂਪ ’ਚ ਉਸ ਦਾ ਵਿਸਫੋਟ, ਬੁਰਜੂਆ ਜਮਹੂਰੀਅਤ ਨੂੰ ਖੋਰਾ, ਅਰਥਚਾਰੇ ਦਾ ਫੌਜੀਕਰਨ ਆਦਿ ਘਟਨਾਵਾਂ ਸਾਮਰਾਜਵਾਦੀ ਯੁੱਗ ਦੇ ਕੁੱਝ ਆਮ ਲੱਛਣ ਹਨ। ਇਜਾਰੇਦਾਰੀ ਦੇ ਸਿੱਟੇ ਵਜੋਂ ਪੈਦਾਵਾਰ ਦਾ ਵੱਧੋ-ਵੱਧ ਸਮਾਜੀਕਰਨ ਹੁੰਦਾ ਜਾਂਦਾ ਹੈ ਅਤੇ ਪੂੰਜੀਵਾਦ ਦੇ ਅੰਦਰ ਸਮਾਜਵਾਦ ਦਾ ਆਧਾਰ ਤਿਆਰ ਹੁੰਦਾ ਜਾਂਦਾ ਹੈ। ਪੂੰਜੀ ਅਤੇ ਕਿਰਤ ਵਿਚਕਾਰ ਧਰੁਵੀਕਰਨ ਵੱਧਦਾ ਜਾਂਦਾ ਹੈ ਅਤੇ ਜਮਾਤੀ ਵਿਰੋਧਤਾਈਆਂ ਦਾ ਤਿੱਖਾਪਣ ਵੱਧਦਾ ਜਾਂਦਾ ਹੈ।

ਅੱਜ ਵੀ ਅਸੀਂ ਸਾਮਰਾਜਵਾਦ ਦੇ ਯੁੱਗ ਵਿੱਚ ਹੀ ਜੀਅ ਰਹੇ ਹਾਂ। ਪਰ ਪਿਛਲੀ ਇੱਕ ਸਦੀ ਦੌਰਾਨ ਸਾਮਰਾਜਵਾਦ, ਜਿਉਂ ਦਾ ਤਿਉਂ, ਉਸੇ ਰੂਪ ਵਿੱਚ ਮੌਜੂਦ ਨਹੀਂ ਬਣਿਆ ਰਿਹਾ ਹੈ। ਪੈਦਾਵਾਰ ਦੀ ਪ੍ਰਣਾਲੀ, ਸ਼ਾਸਨ ਪ੍ਰਣਾਲੀ ਅਤੇ ਅੰਤਰਰਾਸ਼ਟਰੀ ਸਬੰਧਾਂ ਵਿੱਚ ਅਜਿਹੇ ਕਈ ਮਹੱਤਵਪੂਰਨ ਬਦਲਾਅ ਆਏ ਹਨ, ਜਿਸ ਕਾਰਨ ਮਜ਼ਦੂਰ ਇਨਕਲਾਬਾਂ ਦੇ ਅਗਲੇ ਚੱਕਰ ਦੀ ਯੁੱਧਨੀਤੀ ਅਤੇ ਆਮ ਦਾਅ ਪੇਚਾਂ ’ਚ ਸੰਸਾਰ ਪ੍ਰੋਲੇਤਾਰੀ ਇਨਕਲਾਬਾਂ ਦੀ ਆਮ ਦਿਸ਼ਾ ਅਤੇ ਸਰੂਪਾਂ ਵਿੱਚ ਲਾਜ਼ਮੀ ਤੌਰ ’ਤੇ ਕੁੱਝ

ਬਦਲਾਅ ਹੋਣੇ ਹੀ ਹਨ।

ਅਤੀਤ ਦੇ ਜਮਾਤੀ ਸੰਘਰਸ਼ਾਂ ਦੇ ਸਮੁੱਚੇ ਇਤਿਹਾਸ ਸਾਰੇ ਮਜ਼ਦੂਰ ਅੰਦੋਲਨਾਂ ਅਤੇ ਸਾਰੇ ਮਜ਼ਦੂਰ ਇਨਕਲਾਬਾਂ ਦੇ ਅਨੁਭਵਾਂ ਦੇ ਨਿਚੋੜ ਦਾ ਆਮ ਸੂਤਰੀਕਰਨ ਵਿਚਾਰਧਾਰਾ ਦੇ ਰੂਪਾਂ ਵਿੱਚ ਇਕੱਠਾ ਹੁੰਦਾ ਹੈ ਜੋ ਹਰ ਇੱਕ ਇਨਕਲਾਬ ਦੇ ਰਾਹ ਦਰਸਾਵਾ ਸਿਧਾਂਤ ਦਾ ਕੰਮ ਕਰਦਾ ਹੈ। ਜਿੱਥੋਂ ਤੱਕ ਠੋਸ ਰੂਪ ਵਿੱਚ ਕਿਸੇ ਇਨਕਲਾਬ ਦੀ ਯੁੱਧਨੀਤੀ ਅਤੇ ਆਮ ਦਾਅ-ਪੇਚਾਂ ਦਾ ਸਵਾਲ ਹੈ, ਉਸ ਦਾ ਫੈਲਾਅ ਹਰੇਕ ਦੇਸ਼ ਅਤੇ ਸਮੇਂ ਦੀਆਂ ਠੋਸ ਹਾਲਤਾਂ ਦੇ ਅਧਿਐਨ ਦੇ ਹਿਸਾਬ ਨਾਲ਼ ਹੁੰਦਾ ਹੈ। ਹਾਲਤਾਂ ਨਿਰੰਤਰ ਪਰਿਵਰਤਨਸ਼ੀਲ ਹੁੰਦੀਆਂ ਹਨ। ਇਤਿਹਾਸ ਦੇ ਇੱਕ ਹੀ ਸਮੇਂ ਵੱਖ-ਵੱਖ ਦੇਸ਼ਾਂ ’ਚ ਸਮਾਜਿਕ-ਆਰਥਿਕ ਵਿਕਾਸ ਦੇ ਪੱਧਰ ਦੇ ਹਿਸਾਬ ਨਾਲ਼ ਵੱਖ-ਵੱਖ ਸ਼੍ਰੇਣੀਆਂ ਦੇ ਦੇਸ਼ਾਂ ’ਚ ਇਨਕਲਾਬ ਦੀਆਂ ਮੰਜ਼ਿਲਾਂ ਅਤੇ ਯੁੱਧਨੀਤੀਆਂ ਵੱਖ-ਵੱਖ ਹੁੰਦੀਆਂ ਹਨ। ਇੱਥੋਂ ਤੱਕ ਕਿ ਇੱਕੋ ਸ਼੍ਰੇਣੀ ਅਤੇ ਇਨਕਲਾਬ ਦੇ ਇੱਕੋ ਪੜਾਅ ਵਾਲ਼ੇ ਦੇਸ਼ਾਂ ’ਚ ਵੀ ਇਨਕਲਾਬ ਦੀ ਯੁੱਧਨੀਤੀ ’ਚ ਅੰਸ਼ਿਕ, ਮਿਣਾਤਮਕ ਵਖਰੇਵਿਆਂ ਅਤੇ ਦਾਅ-ਪੇਚਾਂ ਦੇ ਪੱਧਰ ’ਤੇ ਮਹੱਤਵਪੂਰਨ ਵਖਰੇਵੇਂ ਲਾਜ਼ਮੀ ਹੁੰਦੇ ਹਨ। ਸਮਾਜਿਕ ਆਰਥਿਕ ਬਣਤਰ ਦੇ ਪੱਧਰ ’ਤੇ ਸਮਾਨਤਾ ਰੱਖਣ ਵਾਲ਼ੇ ਦੇਸ਼ਾਂ ਵਿੱਚ ਵੀ ਇਨਕਲਾਬਾਂ ਦੀ ਆਮ ਦਿਸ਼ਾ ਇੱਕੋ-ਜਿਹੀ ਹੋ ਸਕਦੀ ਹੈ ਪਰ ਫਿਰ ਵੀ ਅਜਿਹਾ ਕੋਈ ਇੱਕ ਇਨਕਲਾਬ ਦੂਜੇ ਇਨਕਲਾਬ ਦੀ ਕਾਰਬਨ ਕਾਪੀ ਨਹੀਂ ਹੋ ਸਕਦਾ।

ਜੇ ਸਮਾਜ-ਇਤਿਹਾਸ ਦੀ ਅਤੇ ਉਸ ਦੀ ਵਿਕਾਸ ਪ੍ਰਕ੍ਰਿਆ ਦੀ ਸਾਡੀ ਸਮਝ ਕਮਜ਼ੋਰ ਹੋਵੇਗੀ, ਜੇ ਇਨਕਲਾਬ ਦੇ ਵਿਗਿਆਨ ਦੀ ਸਾਡੀ ਜਾਣਕਾਰੀ ਗ਼ਲਤ, ਸਤਹੀ ਜਾਂ ਅਧੂਰੀ ਹੋਵੇਗੀ, ਜੇ ਠੋਸ ਪ੍ਰਸਥਿਤੀਆਂ ਦੇ ਠੋਸ ਵਿਸ਼ਲੇਸ਼ਣ ਦੇ ਕਠੋਰ ਕੰਮ ਤੋਂ ਸਾਡੇ ਅੰਦਰ ਬਚਣ ਦੀ ਪ੍ਰਵਿਰਤੀ ਹੋਵੇਗੀ ਤਾਂ ਸਾਡੇ ਅੰਦਰ ਅਤੀਤ ਦੇ ਇਨਕਲਾਬਾਂ ਤੋਂ ਸਿੱਖਣ ਦੀ ਸਮਰੱਥਾ ਵੀ ਨਹੀਂ ਹੋਵੇਗੀ। ਉਦੋਂ ਇੱਕ ਸਰਲ ਸੰਖੇਪ ਰਾਹ ਅਸੀਂ ਚੁਣਾਂਗੇ ਅਤੇ ਹਾਲਤਾਂ ਦੇ ਬਦਲਾਵਾਂ ਦੀ ਅਣਦੇਖੀ ਕਰਕੇ ਅਤੀਤ ਦੇ ਮਹਾਨ ਇਨਕਲਾਬਾਂ ਦੀ ਅੰਨ੍ਹੇਵਾਹ ਨਕਲ ਕਰਾਂਗੇ, ਪ੍ਰਸੰਗਿਕ-ਅਪ੍ਰਸੰਗਿਕ ਵਿਚਕਾਰ ਫਰਕ ਨਹੀਂ ਕਰਾਂਗੇ ਅਤੇ ਰੂੜੀਵਾਦੀ ਬਣ ਜਾਵਾਂਗੇ। ਉਦੋਂ ਅਸੀਂ ਜੇਤੂ ਹੋਏ ਇਨਕਲਾਬਾਂ ਦੀ ਯੁੱਧ ਨੀਤੀ ਅਤੇ ਆਮ ਦਾਅ-ਪੇਚਕ ਮਸਲੇ ਨੂੰ ਵੀ ਵਿਚਾਰਧਾਰਾ ਜਾਂ ਆਮ ਸਿਧਾਂਤ ਬਣਾ ਦੇਵਾਂਗੇ।

ਇਹ ਚਰਚਾ ਅਸੀਂ ਇੱਥੇ ਆਮ ਸਿਧਾਂਤ-ਘੜਨ ਦੇ ਰੂਪ ਵਿੱਚ ਨਹੀਂ ਕਰ ਰਹੇ ਹਾਂ। ਇਹ ਸਾਡੇ ਸਮਿਆਂ ਦੀ ਇੱਕ ਠੋਸ ਸਮੱਸਿਆ ਹੈ। ਇਨਕਲਾਬੀ ਬਦਲਾਅ ਲਈ ਸਰਗਰਮ ਲੋਕ, ਚਾਹੇ ਉਹ ਮਜ਼ਦੂਰਾਂ-ਕਿਸਾਨਾਂ ਨੂੰ ਜਥੇਬੰਦ ਕਰਨ ਦੇ ਕੰਮ ਵਿੱਚ ਲੱਗੇ ਹੋਣ ਜਾਂ ਵਿਦਿਆਰਥੀਆਂ-ਨੌਜਵਾਨਾਂ ਦੇ ਮੋਰਚੇ ’ਤੇ ਕੰਮ ਕਰ ਰਹੇ ਹੋਣ ਜਾਂ ਕਿਸੇ ਹੋਰ ਮੋਰਚੇ ’ਤੇ, ਉਨ੍ਹਾਂ ਵਿਚਕਾਰ ਅੱਜ ਇਹ ਆਮ ਸਮੱਸਿਆ ਮੌਜੂਦ ਹੈ ਕਿ ਸਮਾਜ ਵਿੱਚ

ਆਮ ਇਨਕਲਾਬੀ ਬਦਲਾਅ ਦੀ ਯੋਜਨਾ 'ਤੇ ਸੋਚਦੇ ਅਤੇ ਅਮਲ ਕਰਦੇ ਸਮੇਂ ਉਹ ਪਿਛਲੀ ਸਦੀ ਦੇ ਇਨਕਲਾਬਾਂ ਦੀ ਅੰਨ੍ਹੀ ਨਕਲ ਦੀ ਪ੍ਰਵਿਰਤੀ ਵਿੱਚ ਘੱਟ-ਵੱਧ ਗ੍ਰਸਤ ਦਿਖਾਈ ਦਿੰਦੇ ਹਨ। ਬਿਨਾਂ ਸ਼ੱਕ ਭਰਮ ਪੈਦਾ ਕਰਨ ਵਾਲ਼ੇ ਕੁਝ ਵਿਹਲੇ "ਮੁਕਤ-ਚਿੰਤਕ" ਵੀ ਮੌਜੂਦ ਹਨ, ਪਰ ਵਿਹਲੇ ਕੰਮ ਕਰਨ ਵਾਲ਼ਿਆਂ ਨੂੰ ਉਦੋਂ ਹੀ ਪ੍ਰਭਾਵਿਤ ਕਰਦੇ ਹਨ, ਜਦੋਂ ਉਨ੍ਹਾਂ ਦੀ ਵਿਚਾਰਕ ਸਮਝ ਕਮਜ਼ੋਰ ਹੋਵੇ। ਸਾਡੀ ਇਹ ਚਰਚਾ ਇਨਕਲਾਬੀ ਬਦਲਾਅ ਦੀ ਭਾਵਨਾ ਨਾਲ਼ ਲੈਸ ਸਾਥੀਆਂ ਨੂੰ ਕੁੱਝ ਬੋਝਲ ਜ਼ਰੂਰ ਲੱਗ ਰਹੀ ਹੋਵੇਗੀ, ਪਰ ਇਨ੍ਹਾਂ ਮਸਲਿਆਂ 'ਤੇ ਇੱਕ ਸਪੱਸ਼ਟ ਸਮਝ ਬਣਾਉਣਾ ਬਹੁਤ ਜ਼ਰੂਰੀ ਹੈ। ਦਿਸ਼ਾਹੀਣ ਵਿਦਰੋਹਾਂ-ਅੰਦੋਲਨਾਂ ਵਿੱਚ ਜੀਅ-ਜਾਨ ਨਾਲ਼ ਲੱਗੇ ਰਹਿਣ 'ਤੇ ਵੀ ਸਮਾਜ ਨਹੀਂ ਬਦਲ ਸਕਦਾ। ਇਨਕਲਾਬ ਇੱਕ ਵਿਗਿਆਨਕ ਕੰਮ ਹੈ। ਅਸੀਂ ਜਿਸ ਸਮਾਜ ਵਿੱਚ ਰਹਿੰਦੇ ਹਾਂ, ਉਸ ਦੇ ਢਾਂਚੇ ਅਤੇ ਕਾਰਜ=ਪ੍ਰਣਾਲੀ ਨੂੰ ਸਮਝਣਾ ਪਵੇਗਾ। ਕਿਹੜੇ ਵਰਗਾਂ ਦਾ ਹਿੱਤ ਇਨਕਲਾਬ 'ਚ ਹੈ, ਕਿਹੜੇ ਵਰਗਾਂ ਦਾ ਹਿੱਤ ਇਸ ਪ੍ਰਬੰਧ ਵਿੱਚ ਹੈ, ਕਿਹੜੇ-ਕਿਹੜੇ ਢੰਗਾਂ ਨਾਲ਼ ਪੈਦਾਵਾਰ ਹੁੰਦੀ ਹੈ ਅਤੇ ਉਸ ਦੌਰਾਨ ਕਿਸ ਤਰ੍ਹਾਂ ਲੁੱਟ ਹੁੰਦੀ ਹੈ, ਸਿਆਸੀ ਸੰਵਿਧਾਨਕ-ਕਾਨੂੰਨ ਪ੍ਰਬੰਧ ਅਤੇ ਫੌਜੀ ਢਾਂਚਾ ਕਿਸ ਤਰ੍ਹਾਂ ਲੁੱਟ ਦੇ ਪੂਰੇ ਪ੍ਰਬੰਧ ਦੀ ਹਿਫਾਜ਼ਤ ਕਰਦੇ ਹਨ, ਦੇਸੀ ਲੁਟੇਰਿਆਂ ਦੇ ਵਿਦੇਸ਼ੀ ਲੁਟੇਰਿਆਂ ਨਾਲ਼ ਆਰਥਿਕ-ਸਿਆਸੀ ਸਬੰਧਾਂ ਦੀ ਪ੍ਰਕ੍ਰਿਤੀ ਕੀ ਹੈ, ਆਮ ਲੋਕਾਂ ਦੀ ਜੀਵਨ ਸਥਿਤੀ ਅਤੇ ਚੇਤਨਾ ਦਾ ਧਰਾਤਲ ਕੀ ਹੈ-ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਚੰਗੀ ਤਰ੍ਹਾਂ ਜਾਣੇ-ਸਮਝੇ ਬਗੈਰ ਨਾ ਤਾਂ ਕਿਸੇ ਅੰਦੋਲਨ ਨੂੰ ਸਹੀ ਦਿਸ਼ਾ ਦਿੱਤੀ ਜਾ ਸਕਦੀ ਹੈ ਨਾ ਹੀ ਉਸ ਨੂੰ ਵਿਆਪਕ ਮਿਹਨਤਕਸ਼ ਜਨਤਾ ਦੇ ਇਨਕਲਾਬੀ ਸੰਘਰਸ਼ਾਂ ਨਾਲ਼ ਜੋੜਿਆ ਜਾ ਸਕਦਾ ਹੈ ਅਤੇ ਨਾ ਹੀ ਨੌਜਵਾਨ ਕਾਰਕੁੰਨ ਮਿਹਨਤਕਸ਼ ਆਬਾਦੀ ਦੇ ਕਿਸੇ ਹਿੱਸੇ ਵਿੱਚ ਜਾ ਕੇ ਉਸ ਨੂੰ ਜਾਗ੍ਰਿਤ ਅਤੇ ਜਥੇਬੰਦ ਕਰਨ ਦੇ ਕੰਮ ਨੂੰ ਹੀ ਸਫਲਤਾਪੂਵਰਕ ਅੰਜਾਮ ਦੇ ਸਕਦੇ ਹਨ।

ਵੋਟ ਸਿਆਸਤ ਨਾਲ਼ ਇਸੇ ਸਬੰਧ ਵਿੱਚ ਸੁਧਾਰ ਅਤੇ ਟਾਕੀਆਂ ਲਾਉਣ ਦੀਆਂ ਕੋਸ਼ਿਸ਼ਾਂ ਕਰਨ ਵਾਲ਼ਿਆਂ ਅਤੇ ਫੈਸ਼ਨੇਬਲ ਭੋਗਵਿਲਾਸੀ "ਇਨਕਲਾਬੀਆਂ" ਨੂੰ ਛੱਡ ਕੇ ਕਈ ਇਨਕਲਾਬੀ ਧਾਰਾਵਾਂ ਅਤੇ ਪ੍ਰਵਿਰਤੀਆਂ ਦੇਸ਼ ਦੀਆਂ ਹਾਲਤਾਂ, ਇਨਕਲਾਬ ਦੀ ਯੁੱਧਨੀਤੀ ਅਤੇ ਆਮ ਦਾਅ ਪੇਚ ਬਾਰੇ ਵੱਖ-ਵੱਖ ਸਮਝ ਨਾਲ਼ ਮੌਜੂਦ ਹਨ। ਇੱਕ ਸਹੀ ਸਮਝ ਹੀ ਅੰਤ ਵਿੱਚ ਸਫਲਤਾ ਦੀ ਮੰਜ਼ਿਲ 'ਤੇ ਪਹੁੰਚ ਸਕਦੀ ਹੈ। ਅੱਖਾਂ ਬੰਦ ਕਰਕੇ ਜਾਂ ਮਹਿਜ਼ ਇਸ ਅਨੁਭਵੀ ਪ੍ਰੇਖਣ ਦੇ ਆਧਾਰ 'ਤੇ ਕਿ ਕੌਣ ਵੱਧ ਜੁਝਾਰੂ, ਤਾਕਤਵਰ ਜਾਂ ਸਫਲ ਦਿਸ ਰਿਹਾ ਹੈ ਜਾਂ ਕਿਸ ਵੱਲੋਂ ਪੇਸ਼ ਯੋਜਨਾ-ਪਰਿਯੋਜਨਾ ਜ਼ਿਆਦਾ ਸੌਖੀ ਅਤੇ ਆਕਰਸ਼ਕ ਹੈ, ਵਿਦਿਆਰਥੀਆਂ-ਨੌਜਵਾਨਾਂ ਦਾ ਇਨਕਲਾਬੀ ਸਿਆਸਤ ਦੀ ਕਿਸੇ ਇੱਕ ਧਾਰਾ ਨਾਲ਼ ਜੁੜਨਾ ਇੱਕਦਮ ਗ਼ਲਤ ਹੋਵੇਗਾ। ਸਹੀ ਰਾਹ ਆਮ ਤੌਰ 'ਤੇ ਸੌਖਾ-ਸੰਖੇਪ ਨਹੀਂ ਹੁੰਦਾ ਅਤੇ ਸਫਲਤਾ ਕਦੇ ਵੀ ਮੌਲਿਕ ਪ੍ਰਯੋਗਾਂ ਅਤੇ

ਅਸਫਲਤਾਵਾਂ ਬਗੈਰ ਹਾਸਿਲ ਨਹੀਂ ਹੁੰਦੀ। ਇਸ ਲਈ ਇਨਕਲਾਬਾਂ ਦੇ ਸੰਸਾਰ ਇਤਿਹਾਸ ਅਤੇ ਭਾਰਤੀ ਇਤਿਹਾਸ ਦਾ ਆਪਣੇ ਤਾਈਂ ਅਧਿਐਨ ਕਰਨਾ ਹੋਵੇਗਾ, ਸਮਾਜਿਕ, ਆਰਥਿਕ, ਸਿਆਸੀ ਹਾਲਤਾਂ ਦਾ ਅਧਿਐਨ ਕਰਨਾ ਹੋਵੇਗਾ ਅਤੇ ਆਪਣੇ ਅੱਗੇ ਮੌਜੂਦ ਸਾਰੇ ਇਨਕਲਾਬੀ ਪ੍ਰੋਗਰਾਮਾਂ ਦਾ ਅਧਿਐਨ ਕਰਕੇ ਫੈਸਲਾ ਲੈਣਾ ਹੋਵੇਗਾ ਕਿ ਕਿਹੜਾ ਬਦਲ ਮੁਕਾਬਲਤਨ ਜ਼ਿਆਦਾ ਤਰਕਸੰਗਤ, ਜ਼ਿਆਦਾ ਵਿਗਿਆਨਕ ਅਤੇ ਸਮਾਜਿਕ ਸੱਚਾਈਆਂ ਦੇ ਜ਼ਿਆਦਾ ਅਨੁਕੂਲ ਪ੍ਰਤੀਤ ਹੋ ਰਿਹਾ ਹੈ। ਨਾਲ਼ ਹੀ ਵਿਦਿਆਰਥੀਆਂ ਨੌਜਵਾਨਾਂ ਨੂੰ ਜਥੇਬੰਦ ਕਰਨ ਅਤੇ ਅੰਦੋਲਨਾਂ 'ਚ ਭਾਗ ਲੈਣ ਦੇ ਤਜਰਬੇ ਕਰਨੇ ਹੋਣਗੇ ਅਤੇ ਮਿਹਨਤਕਸ਼ ਆਬਾਦੀ ਵਿੱਚ ਜਾਣਾ ਹੋਵੇਗਾ, ਉਨ੍ਹਾਂ ਦੇ ਜੀਵਨ ਨੂੰ ਸਮਝਣਾ ਹੋਵੇਗਾ, ਉਨ੍ਹਾਂ ਦਾ ਆਪਣਾ ਆਦਮੀ ਬਣਨਾ ਹੋਵੇਗਾ, ਉਨ੍ਹਾਂ ਦੀ ਸੇਵਾ ਕਰਨੀ ਹੋਵੇਗੀ, ਉਨ੍ਹਾਂ ਤੋਂ ਸਿੱਖਣਾ ਹੋਵੇਗਾ, ਫਿਰ ਉਨ੍ਹਾਂ ਨੂੰ ਸਿਖਾਣਾ ਹੋਵੇਗਾ, ਉਨ੍ਹਾਂ ਨੂੰ ਸਿਆਸੀ ਸਿੱਖਿਆ ਦੇਣੀ ਹੋਵੇਗੀ। ਇਸ ਸੂਤਰ ਨੂੰ ਕਦੇ ਨਹੀਂ ਭੁੱਲਿਆ ਜਾਣਾ ਚਾਹੀਦਾ ਕਿ '**ਚੀਜ਼ਾਂ ਨੂੰ ਬਦਲਣ ਲਈ ਚੀਜ਼ਾਂ ਨੂੰ ਸਮਝਣਾ ਹੋਵੇਗਾ ਅਤੇ ਚੀਜ਼ਾਂ ਨੂੰ ਬਦਲਣ ਦੀ ਪ੍ਰਕ੍ਰਿਆ 'ਚ ਹੀ ਖੁਦ ਨੂੰ ਬਦਲਣਾ ਹੋਵੇਗਾ।**

*****

ਆਉਣ ਵਾਲ਼ੇ ਇਨਕਲਾਬਾਂ ਦੀਆਂ ਤਿਆਰੀਆਂ ਦੇ ਰਾਹ ਦੀ ਅੱਜ ਇੱਕ ਬੁਨਿਆਦੀ ਸਮੱਸਿਆ ਇਹ ਹੈ ਕਿ ਜ਼ਿਆਦਾਤਰ ਉਨ੍ਹਾਂ ਨੂੰ ਪੁਰਾਣੇ ਇਨਕਲਾਬਾਂ ਦੇ ਸਾਂਚੇ 'ਚ ਹੀ ਢਾਲਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜ਼ਿੰਦਗੀ ਦੀਆਂ ਨਵੀਆਂ ਸੱਚਾਈਆਂ ਜੇ ਇੱਕਦਮ ਅੱਖਾਂ 'ਚ ਅੱਖਾਂ ਪਾ ਕੇ ਘੂਰਨ ਲੱਗਦੀਆਂ ਹਨ ਤਾਂ ਉਨ੍ਹਾਂ ਨੂੰ ਕੱਟ-ਛਾਂਗ ਕੇ ਪੁਰਾਣੇ ਚੌਖਟੇ ਵਿੱਚ ਹੀ ਫਿੱਟ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਾਂ ਫਿਰ ਪੂਰੇ ਚੌਖਟੇ ਨੂੰ ਬਦਲਣ ਦੀ ਥਾਂ 'ਤੇ ਉਸ ਨੂੰ ਜ਼ਰਾ ਖਿੱਚ-ਧੂਹ ਕੇ ਅਤੇ ਕੱਟ-ਛਾਂਗ ਕੇ ਨਵੀਆਂ ਸੱਚਾਈਆਂ ਨਾਲ਼ ਢੁਕਾਉਣ ਦੀਆਂ ਅਸਫਲ ਕੋਸ਼ਿਸ਼ਾਂ, ਜਨਤਕ ਸਰਗਰਮੀਆਂ ਅਤੇ ਛੋਟੇ-ਮੋਟੇ ਅੰਦੋਲਨਾਂ ਦੀਆਂ ਰੁਟੀਨੀ ਕਵਾਇਦਾਂ ਜਾਰੀ ਰਹਿੰਦੀਆਂ ਹਨ।

ਵਰਤਮਾਨ ਹਾਲਤਾਂ ਅਤੇ ਇਤਿਹਾਸ ਦੇ ਆਪਣੇ ਅਧਿਐਨ ਦੇ ਆਧਾਰ 'ਤੇ ਅਤੇ ਸੀਮਤ ਅਮਲੀ ਤਜਰਬਿਆਂ ਦੇ ਆਧਾਰ 'ਤੇ ਸਾਡੀ ਇਹ ਪੱਕੀ ਧਾਰਨਾ ਹੈ ਕਿ ਪੂਰੀ ਦੁਨੀਆਂ ਅਤੇ ਭਾਰਤ ਦੇਸ਼ ਦੇ ਪੱਧਰ ਤੱਕ ਅੱਜ ਹਾਲਤਾਂ 'ਚ ਕੁੱਝ ਅਜਿਹੇ ਬਦਲਾਅ ਆ ਚੁੱਕੇ ਹਨ ਕਿ ਭਾਵੀ ਇਨਕਲਾਬਾਂ ਦੀ ਆਮ ਦਿਸ਼ਾ, ਯੁੱਧਨੀਤੀ ਅਤੇ ਆਮ ਦਾਅ-ਪੇਚ ਪਿਛਲੀ ਸਦੀ ਦੇ ਮਜ਼ਦੂਰ ਇਨਕਲਾਬਾਂ ਨਾਲ਼ੋਂ ਵੱਖ ਹੋਣਗੇ। ਬਿਨਾਂ ਸ਼ੱਕ ਅਤੀਤ ਦੇ ਇਨਕਲਾਬਾਂ ਦੀ ਆਮ ਦਿਸ਼ਾ ਅਤੇ ਯੁੱਧਨੀਤੀ ਅਤੇ ਦਾਅ-ਪੇਚਾਂ ਤੋਂ ਸਿੱਖੇ ਬਗੈਰ ਅਸੀਂ ਅੱਗੇ ਨਹੀਂ ਵੱਧ ਸਕਦੇ। ਉਨ੍ਹਾਂ 'ਚ ਕਾਫੀ ਕੁੱਝ ਸਿੱਖਣ ਲਈ ਹੈ ਅਤੇ ਇਨਕਲਾਬਾਂ ਦੇ ਇਤਿਹਾਸ ਦਾ ਡੂੰਘਾ ਅਧਿਐਨ ਜ਼ਰੂਰੀ ਹੈ ਪਰ ਵਰਤਮਾਨ ਸਮਾਜਿਕ

ਆਰਥਿਕ-ਸਿਆਸੀ ਹਾਲਤਾਂ ਦਾ ਵੀ ਨਵੇਂ ਸਿਰ ਤੋਂ ਅਧਿਐਨ ਕਰਨਾ ਹੋਵੇਗਾ ਕਿਉਂਕਿ ਇਨ੍ਹਾਂ 'ਚ ਹੋਏ ਕਈ ਪਰਿਵਰਤਨ ਬੁਨਿਆਦੀ ਪ੍ਰਕ੍ਰਿਤੀ ਵਾਲ਼ੇ ਹਨ। ਪੁਰਾਣੇ ਇਨਕਲਾਬਾਂ ਦਾ ਪ੍ਰੋਗਰਾਮ ਸਬੰਧੀ ਚੌਖਟਾਂ ਅੱਜ ਲਈ ਪੁਰਾਣਾ ਪੈ ਚੁੱਕਾ ਹੈ। ਇਸ ਦੀ ਵਿਸਥਾਰ ਸਹਿਤ ਚਰਚਾ ਤਾਂ ਇੱਥੇ ਸੰਭਵ ਨਹੀਂ ਪਰ ਕੁੱਝ ਸੰਖੇਪ-ਸੂਤਰ ਰੂਪ 'ਚ ਚਰਚਾ ਬਗੈਰ ਗੱਲ ਸਪੱਸ਼ਟ ਨਹੀਂ ਹੋ ਸਕੇਗੀ।

ਇਹ ਸਹੀ ਹੈ ਕਿ ਅੱਜ ਅਸੀਂ ਸਾਮਰਾਜਵਾਦ ਦੇ ਯੁੱਗ 'ਚ ਹੀ ਜੀਅ ਰਹੇ ਹਾਂ ਅਤੇ ਮਜ਼ਦੂਰ ਇਨਕਲਾਬ ਦੇ ਪਹਿਲੇ ਸੰਸਕਰਣ ਦੀ ਹਾਰ ਦੇ ਬਾਵਜੂਦ, ਸੰਸਾਰ ਅਰਥਚਾਰੇ ਦਾ ਅਧਿਐਨ ਸਾਨੂੰ ਇਸੇ ਸਿੱਟੇ 'ਤੇ ਪਹੁੰਚਾਉਂਦਾ ਹੈ ਕਿ ਪੈਦਾਵਾਰ ਦੇ ਪਹਿਲਾਂ ਨਾਲੋਂ ਕਈ ਗੁਣਾ ਵਧੇਰੇ ਸਮਾਜੀਕਰਨ ਦੀ ਬਦੌਲਤ ਸਮਾਜਵਾਦ ਦਾ ਬਾਹਰਮੁਖੀ ਆਧਾਰ ਅੱਜ ਪਹਿਲਾਂ ਤੋਂ ਹੀ ਵੱਧ ਵਿਆਪਕ ਅਤੇ ਠੋਸ ਰੂਪ ਵਿੱਚ ਤਿਆਰ ਹੋ ਰਿਹਾ ਹੈ। ਮਤਲਬ ਇਹ ਸੂਤਰੀਕਰਨ ਅੱਜ ਦੀ ਦੁਨੀਆ 'ਤੇ ਵੀ ਲਾਗੂ ਹੁੰਦਾ ਹੈ ਕਿ ਸਾਮਰਾਜਵਾਦ ਪ੍ਰੋਲੇਤਾਰੀ ਇਨਕਲਾਬ ਦੀ ਪੂਰਬਲੀ ਸੰਧਿਆ ਹੈ। ਇੱਕ ਬਦਲਾਅ ਅੱਜ ਇਹ ਹੋਇਆ ਹੈ ਕਿ ਵਿਸ਼ਵ-ਵਿਆਪੀ ਮੰਦੀ ਅਤੇ ਠਹਿਰਾਅ ਦਾ ਜੋ ਸੰਕਟ ਪਹਿਲਾਂ ਵਾਰ-ਵਾਰ ਚੱਕਰ ਦੇ ਰੂਪ 'ਚ ਆਉਂਦਾ ਰਹਿੰਦਾ ਸੀ ਅਤੇ ਪੂੰਜੀਵਾਦ ਨੂੰ ਸਤਾਉਂਦਾ ਰਹਿੰਦਾ ਸੀ, ਉਹ ਅੱਜ ਲਮਕਵੇਂ ਢਾਂਚਾਗਤ ਸੰਕਟ ਦਾ ਰੂਪ ਲੈ ਚੁੱਕਾ ਹੈ ਅਤੇ ਇਹ ਇਤਿਹਾਸਿਕ ਸੱਚਾਈ ਅੱਜ ਪਹਿਲਾਂ ਤੋਂ ਕਿਤੇ ਜ਼ਿਆਦਾ ਠੋਸ ਅਤੇ ਸਪੱਸ਼ਟ ਰੂਪ 'ਚ ਸਾਡੇ ਸਾਹਮਣੇ ਹੈ ਕਿ ਸਾਮਰਾਜਵਾਦ ਮਰ ਰਿਹਾ ਅਤੇ ਪਰਜੀਵੀ ਪੂੰਜੀਵਾਦ ਹੈ। ਇਤਿਹਾਸ ਦੀ ਇੱਕ ਨਵੀਂ ਸਿੱਖਿਆ ਇਹ ਹੈ ਕਿ ਪੂੰਜੀਵਾਦ ਦੇ ਬੁਢਾਪੇ ਜਾਂ ਮਰਨ ਕਿਨਾਰੇ ਪਏ ਹੋਏ ਦੇ ਸਾਲ ਇਸ ਦੀ ਜਵਾਨੀ ਦੇ ਸਾਲਾਂ ਨਾਲ਼ੋਂ ਕਾਫੀ ਲੰਮੇ ਹਨ।

ਸਾਮਰਾਜਵਾਦ ਦੇ ਆਮ ਬੁਨਿਆਦੀ ਲੱਛਣਾਂ ਦੀ ਅੱਜ ਦੀ ਹੋਂਦ ਦੇ ਬਾਵਜੂਦ ਇਸ ਦੀ ਕਾਰਜ ਪ੍ਰਣਾਲੀ 'ਚ ਅਤੇ ਪੂੰਜੀਵਾਦੀ ਸੰਸਾਰ ਬਣਤਰ ਵਿੱਚ ਅੱਜ ਕੁੱਝ ਅਜਿਹੇ ਮਹੱਤਵਪੂਰਨ ਬਦਲਾਅ ਆਏ ਹਨ, ਜਿਨ੍ਹਾਂ ਦੇ ਕਾਰਨ ਇਨਕਲਾਬੀ ਬਾਹਰਮੁਖੀ ਹਾਲਤਾਂ ਵਾਲ਼ੇ ਦੇਸ਼ਾਂ 'ਚ ਮਜ਼ਦੂਰ ਇਨਕਲਾਬ ਦੇ ਪੜਾਅ, ਉਸ ਦੀ ਯੁੱਧਨੀਤੀ ਅਤੇ ਦਾਅ-ਪੇਚਾਂ 'ਚ ਬੁਨਿਆਦੀ ਬਦਲਾਅ ਆ ਗਏ ਹਨ। ਪੂੰਜੀਵਾਦੀ ਵਿਸ਼ਵੀ ਇਜਾਰੇਦਾਰੀਆਂ, ਪੁਰਾਣੇ ਟਰੱਸਟਾਂ ਅਤੇ ਸਿੰਡੀਕੇਟਾਂ ਦੀ ਥਾਂ, ਨਵੇਂ-ਨਵੇਂ ਰੂਪ ਪੈਦਾ ਹੋਏ ਹਨ। ਦਿਓਕੱਦ ਬਹੁਕੌਮੀ ਕੰਪਨੀਆਂ ਦੁਨੀਆਂ ਭਰ ਦੇ ਦੇਸ਼ਾਂ 'ਚ ਇਸ ਤਰ੍ਹਾਂ ਫੈਲ ਗਈਆਂ ਹਨ ਕਿ ਲੱਗਦਾ ਹੈ ਜਿਵੇਂ ਉਨ੍ਹਾਂ ਦੀ ਕੋਈ ਰਾਸ਼ਟਰੀ ਬੁਨਿਆਦ ਹੀ ਨਹੀਂ ਹੈ। ਪਰ ਸੰਸਾਰ ਮੰਡੀ ਵਿੱਚ ਇਨ੍ਹਾਂ ਕੰਪਨੀਆਂ ਦੇ ਹਿੱਤਾਂ ਦੀ ਪ੍ਰਤੀਨਿਧਤਾ ਇਨ੍ਹਾਂ ਦੇ ਮੂਲ ਦੇਸ਼ਾਂ ਦੀਆਂ ਰਾਜ ਸੱਤ੍ਹਾਵਾਂ ਹੀ ਮੁੱਖ ਤੌਰ 'ਤੇ ਕਰਦੀਆਂ ਹਨ। ਵਿੱਤੀ ਪੂੰਜੀ ਦਾ ਸੰਸਾਰ ਵਿਆਪੀ ਬੇ-ਰੋਕ-ਟੋਕ ਆਵਾਗਮਨ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਖੁੱਲ੍ਹਾ ਅਤੇ ਤੇਜ਼ ਹੋ ਗਿਆ ਹੈ। ਆਰਥਿਕ ਉਤਪਾਦਨ ਦੇ ਵਿਕਾਸ ਦੀ ਕਾਰਗਰਤਾ ਅਤੇ ਦਰ ਵਿੱਚ

ਵਾਧਾ ਕਰਨ ਅਤੇ ਮਸ਼ੀਨਾਂ ਦੀ ਉਤਪਾਦਕਤਾ ਵਧਾ ਕੇ ਮਜ਼ਦੂਰਾਂ ਤੋਂ ਵਾਧੂ ਮੁਨਾਫ਼ਾ ਨਿਚੋੜਣ ਦੀ ਪ੍ਰਕ੍ਰਿਆ ਦੇ ਅਣਕਿਆਸੀਆਂ ਸਿਖਰਾਂ ਤੱਕ ਪਹੁੰਚਾਉਣ ਦੇ ਨਾਲ਼ ਹੀ ਵਿਗਿਆਨਕ ਤਕਨੀਕੀ ਇਨਕਲਾਬ ਨੇ ਅਤੇ ਵਿਸ਼ੇਸ਼ ਕਰਕੇ ਆਟੋਮੇਸ਼ਨ ਦੇ ਨਵੇਂ ਪੱਧਰ ਅਤੇ ਸੰਚਾਰ ਇਨਕਲਾਬ ਨੇ, ਵਿੱਤੀ ਪੂੰਜੀ ਦੇ ਵਿਸ਼ਵ-ਵਿਆਪੀ ਪ੍ਰਵਾਹ ਦੀ ਗਤੀ ਤੇਜ਼ ਕਰਨ ਵਿੱਚ ਇੱਕ ਅਹਿਮ ਭੂਮਿਕਾ ਨਿਭਾਈ ਹੈ। ਜਿਸ ਨੂੰ ਅੱਜ ਵਿਸ਼ਵੀਕਰਨ ਕਿਹਾ ਜਾ ਰਿਹਾ ਹੈ, ਉਹ ਅਸਲ ਵਿੱਚ ਵਿੱਤੀ ਪੂੰਜੀ ਦਾ ਵਿਸ਼ਵੀਕਰਨ ਹੈ ਕਿਉਂਕਿ ਕਿਰਤ ਦੇ ਮੁਕਤ ਵਿਸ਼ਵਿਆਪੀ ਆਵਾਗਮਨ ਦੇ ਰਾਹ ’ਚ ਤਾਂ ਪਹਿਲਾਂ ਤੋਂ ਵੀ ਜ਼ਿਆਦਾ ਰੁਕਾਵਟਾਂ ਖੜ੍ਹੀਆਂ ਕਰ ਦਿੱਤੀਆਂ ਗਈਆਂ ਹਨ।

ਬੁਨਿਆਦੀ ਲੋੜਾਂ ਦੀਆਂ ਚੀਜ਼ਾਂ ’ਤੇ ਸੇਵਾਵਾਂ ਦੀ ਪੈਦਾਵਾਰ ਕਰਨ ਵਾਲ਼ੇ ਅਸਲ ਅਰਥਚਾਰੇ ’ਤੇ ਅੱਜ ਵਿਸ਼ਵ ਪੱਧਰ ’ਤੇ ਇਜਾਰੇਦਾਰ ਘਰਾਣਿਆਂ ਦਾ ਇੱਕ ਬੇਹੱਦ ਛੋਟਾ ਹਿੱਸਾ ਕਾਬਜ਼ ਹੈ। ਇਹ ਅਸਲ ਅਰਥਚਾਰਾ ਸੁਪਰ ਮੁਨਾਫਾ ਨਿਚੋੜਣ ਦੇ ਨਾਲ਼ ਹੀ ਹੇਠਲੀ ਆਬਾਦੀ ਦੀ ਆਮਦਨ ਨੂੰ ਇੱਕ ਨਿਸ਼ਚਿਤ ਸੀਮਾ ’ਚ ਬੰਨ੍ਹ ਦਿੰਦਾ ਹੈ। ਇਸ ਨਾਲ਼ ਚੀਜ਼ਾਂ ਦੀ ਪੈਦਾਵਾਰ ਦੀ ਸਮਰੱਥਾ ਵਧਾ ਕੇ ਲਾਭ ਕਮਾਉਣ ਦੀ ਸਮਰੱਥਾ ਘੱਟ ਹੋ ਜਾਂਦੀ ਹੈ ਅਤੇ ਇਜਾਰੇਦਾਰ ਘਰਾਣੇ ਵਿੱਤੀ ਗਤੀਵਿਧੀਆਂ ਵਿੱਚ ਪੂੰਜੀ ਲਾਉਣਾ ਸੁਰੂ ਕਰ ਦਿੰਦੇ ਹਨ। 1970 ਦੇ ਦਹਾਕੇ ’ਚ ਵਿਸ਼ਵ ਅਰਥਚਾਰੇ ’ਚ ਖੜ੍ਹੋਤ ਆਉਣ ਦੇ ਨਾਲ਼ ਇਹੀ ਹੋਇਆ। ਪਰੰਪਰਾਗਤ ਵਿੱਤੀ ਸਰਗਰਮੀਆਂ ਵੀ ਇਸ ਦੌਰ ਵਿੱਚ ਧੀਮੀਆਂ ਹੋ ਗਈਆਂ ਸਨ, ਇਸ ਲਈ ਵਿੱਤੀ ਸੰਚਾਲਕ ਜ਼ਿਆਦਾ ਤੋਂ ਜ਼ਿਆਦਾ ਸੱਟੇਬਾਜ਼ੀ ਦੀ ਗ੍ਰਿਫ਼ਤ ’ਚ ਫੱਸਦੇ ਚਲੇ ਗਏ। ਅਰਥਚਾਰਿਆਂ ’ਚ ਕਰਜ਼ ਦੀ ਭੂਮਿਕਾ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਵੱਧ ਗਈ ਸੀ। ਕਰਜ਼ੇ ਦੀ ਅਕਾਸ਼ ਛੂੰਹਦੀ ਮੰਗ ਦੇ ਦਬਾਅ ਵਿੱਚ ਮੁਦਰਾ ਬਾਜ਼ਾਰਾਂ ਦਾ ਅਣਕਿਆਸਿਆ ਵਿਸਥਾਰ ਹੋਇਆ ਅਤੇ ਸੱਟੇਬਾਜ਼ੀ ਲਈ ਦਰਵਾਜ਼ੇ ਪੂਰੀ ਤਰ੍ਹਾਂ ਖੁੱਲ੍ਹ ਗਏ। ਪਿਛਲੀ ਸਦੀ ਦੇ ਅੰਤਿਮ ਦਹਾਕੇ ਤੱਕ ਸਥਿਤੀ ਇਹ ਹੋ ਗਈ ਕਿ ਚੀਜ਼ਾਂ ਅਤੇ ਸੇਵਾਵਾਂ ਦੀ ਪੈਦਾਵਾਰ ਕਰਨ ਵਾਲ਼ੇ ਅਸਲ ਅਰਥਚਾਰੇ ਵਿੱਚ ਲੱਗੀ ਹੋਈ ਪੂੰਜੀ ਦੇ ਮੁਕਾਬਲੇ ਵਿੱਤੀ ਪੂੰਜੀ ਦਾ ਅਨੁਪਾਤ ਕਈ ਗੁਣਾ ਵੱਧ ਗਿਆ। ਅਸਲ ਪੈਦਾਵਾਰ ਦੀ ਪ੍ਰਕ੍ਰਿਆ ਵਿੱਚ ਅਜ਼ਾਦ ਵਿੱਤੀ ਪੂੰਜੀ ਗੁਬਾਰੇ ਵਾਂਗ ਫੁੱਲਦਾ ਅਤੇ ਪਾਰੇ ਵਾਂਗ ਅਸਥਿਰ ਵਿੱਤੀ ਤੰਤਰ ਹੋਂਦ ਵਿੱਚ ਆਇਆ। ਪਿਛਲੀ ਸਾਮਰਾਜਵਾਦੀ ਸਦੀ ਦੇ ਪਝੰਤਰ ਸਾਲਾਂ ਤੱਕ ਸੱਟੇਬਾਜ਼ੀ ਜੇ ਅਸਲ ਪੈਦਾਵਾਰ ਦੀ ਲਹਿਰ ’ਤੇ ਬੁੱਲਬੁੱਲੇ ਵਾਂਗ ਸੀ ਤਾਂ ਹੁਣ ਅਸਲ ਪੈਦਾਵਾਰ ਸੱਟੇਬਾਜ਼ੀ ਦੀ ਲਹਿਰ ਤੇ ਬੁੱਲਬੁੱਲੇ ਵਾਂਗ ਹੋ ਗਿਆ ਹੈ। ਪਹਿਲੀ ਵਾਰ ਅਜਿਹਾ ਹੋਇਆ ਹੈ ਕਿ ਪੂੰਜੀ ਸੰਗ੍ਰਹਿ ਪੂੰਜੀਵਾਦੀ ਅਰਥਚਾਰੇ ਦੀ ਚਾਲਕ ਸ਼ਕਤੀ ਅਤੇ ਅਸਲ ਅਰਥਚਾਰੇ ਦਾ ਬੁਨਿਆਦੀ ਕਾਰਕ-ਸੰਕੇਤਕ ਨਹੀਂ ਰਹਿ ਗਿਆ ਹੈ। ਅਸਲ ਪੈਦਾਵਾਰ ਖੇਤਰ ਦੀ ਲਗਾਤਾਰ ਮੰਦੀ ਦੀ ਸਥਿਤੀ ’ਚ ਮੁਨਾਫ਼ੇ ਦੀ ਵਾਧੇ ਦੀ ਦਰ ਨੂੰ ਤੇਜ਼ ਕਰਦੇ ਜਾਣ ਦੇ ਅੰਨ੍ਹੇ ਮੁਕਾਬਲੇ

ਵਿੱਚ ਪੂੰਜੀ ਵੱਖ-ਵੱਖ ਦੇਸ਼ਾਂ ਦੇ ਸੱਟਾ ਬਾਜ਼ਾਰਾਂ ਵਿੱਚ ਨਿਵੇਸ਼ਤ ਹੋ ਕੇ ਅਰਥਚਾਰੇ ਦੀ ਮਜ਼ਬੂਤੀ ਅਤੇ ਵਿਕਾਸ ਦਾ ਭਰਮ ਪੈਦਾ ਕਰਦੀ ਹੈ ਅਤੇ ਫਿਰ ਬਿਹਤਰ ਬਦਲ ਦਿਸਦੇ ਹੀ ਉੱਥੋਂ 'ਹਵਾ' ਹੋ ਜਾਂਦੀ ਹੈ। ਨਤੀਜੇ ਵਜੋਂ ਉਹ ਅਰਥਚਾਰਾ ਤਬਾਹ ਹੋ ਜਾਂਦਾ ਹੈ। ਮੁਨਾਫੇ ਦੀ ਅੰਨ੍ਹੀ ਦੌੜ ਕਾਰਨ ਦੁਨੀਆਂ ਦੇ ਪਛੜੇ ਦੇਸ਼ਾਂ 'ਚ ਅਸਲ ਅਰਥਚਾਰੇ ਵਿੱਚ ਨਿਵੇਸ਼ ਦੀ ਗੁੰਜਾਇਸ਼ ਹੁੰਦੇ ਹੋਏ ਵੀ ਸਾਮਰਾਜਵਾਦੀ, ਓਹੜ-ਪੋਹੜ ਵਿੱਚ ਇੱਕ ਦੂਜੇ ਤੋਂ ਅੱਗੇ ਨਿਕਲਣ ਜਾਣ ਦੀ ਦੌੜ ਵਿੱਚ ਵਿੱਤੀ ਬਾਜ਼ਾਰ ਵਿੱਚ ਨਿਵੇਸ਼ ਨੂੰ ਹੀ ਪਹਿਲ ਦਿੰਦੇ ਹਨ।

ਉਂਝ ਤਾਂ ਵੀਹਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ ਵਿੱਚ ਇਜਾਰੇਦਾਰੀਆਂ ਦੇ ਪ੍ਰਮੁੱਖ ਅਤੇ ਵਿੱਤੀ ਪੂੰਜੀ ਦੀ ਸਰਦਾਰੀ ਦੇ ਨਾਲ਼ ਹੀ, ਬੁਰਜੂਆ ਜਮਹੂਰੀਅਤ ਦਾ ਪਿਛਾਖੜੀ ਪੱਖ ਪ੍ਰਧਾਨ ਬਣ ਗਿਆ ਸੀ ਅਤੇ ਉਸ ਅੰਦਰ ਫਾਸੀਵਾਦੀ ਧਾਰਾਵਾਂ ਦਾ ਉਭਾਰ ਪੈਦਾ ਹੋਣ ਲੱਗਾ ਸੀ। ਅੱਜ ਵਿੱਤੀ ਪੂੰਜੀ ਦੀ "ਸਰਦਾਰੀ ਦੀ ਚਰਮ ਸੀਮਾ" ਦੀ ਸਥਿਤੀ ਨੇ ਬੁਰਜੂਆ ਜਮਹੂਰੀਅਤ ਦੇ ਖੋਰੇ ਨੂੰ ਸੰਸਾਰ ਪੱਧਰ 'ਤੇ ਉਸ ਮੁਕਾਮ 'ਤੇ ਲਿਆ ਖੜ੍ਹਾ ਕੀਤਾ ਹੈ ਕਿ ਬੁਰਜੂਆ ਜਮਹੂਰੀਅਤ ਅਤੇ ਫਾਸੀਵਾਦ ਵਿਚਲੀਆਂ ਵੰਡ ਰੇਖਾਵਾਂ ਹੀ ਧੁੰਦਲੀਆਂ ਪੈਣ ਲੱਗੀਆਂ ਹਨ। ਸਾਮਰਾਜਵਾਦ ਨੇ ਪਹਿਲੇ ਦਹਾਕਿਆਂ ਤੱਕ ਉਤਪਾਦਨ ਦੀ ਵਿਕਾਸ ਦਰ ਅਤੇ ਮਜ਼ਦੂਰਾਂ ਦਾ ਸੋਸ਼ਣ ਵਧਾਉਣ ਅਤੇ ਪੂੰਜੀ ਅਤੇ ਕਿਰਤ ਦੇ ਤਿੱਖੇ ਹੁੰਦੇ ਅੰਤਰ ਵਿਰੋਧ ਦੀ ਗਤੀ ਮੱਧਮ ਕਰਨ ਲਈ ਰਾਜਕੀ ਇਜਾਰੇਦਾਰੀ ਦੀ ਵਰਤੋਂ ਕੀਤੀ ਸੀ। ਪਰ ਸਦੀ ਦੇ ਅੰਤਿਮ ਦਹਾਕਿਆਂ ਵਿੱਚ ਬੁਨਿਆਦੀ ਪੂੰਜੀਵਾਦੀ ਅੰਤਰ-ਵਿਰੋਧਾਂ ਦੇ ਫੌਰੀ ਹੱਲ ਦਾ ਇਹ ਸੰਦ ਖੁਦ ਹੀ ਅੰਤਰ ਵਿਰੋਧ ਨੂੰ ਤਿੱਖਾ ਕਰਨ ਲੱਗਾ ਅਤੇ ਅਰਥਚਾਰੇ ਦੇ ਠਹਿਰਾਅ ਨੂੰ ਵਧਾਉਣ ਲੱਗਾ। ਇਹ ਸਥਿਤੀ ਇੱਕ ਵਾਰ ਫਿਰ ਨਿੱਜੀ ਇਜਾਰੇਦਾਰ ਪੂੰਜੀਵਾਦ ਦੇ ਵਿਸਥਾਰ ਦਾ ਇੱਕ ਅਹਿਮ ਕਾਰਨ ਬਣੀ। ਅਖੌਤੀ 'ਕਲਿਆਣਕਾਰੀ' ਰਾਜਾਂ ਦਾ ਦੌਰ ਖਤਮ ਹੋ ਗਿਆ ਅਤੇ ਸਭ ਕੁੱਝ ਬਾਜ਼ਾਰ ਦੀਆਂ ਬੇਲਗਾਮ ਤਾਕਤਾਂ ਦੇ ਹਵਾਲੇ ਕਰ ਦੇਣ ਦੀ ਪ੍ਰਕਿਰਿਆ ਤੇਜ਼ ਗਤੀ ਨਾਲ਼ ਅੱਗੇ ਵਧੀ।

ਅੰਤਰ ਸਾਮਰਾਜਵਾਦੀ ਮੁਕਾਬਲਾ ਗਲ਼ਾ ਵੱਢੂ ਰੂਪ ਵਿੱਚ ਅੱਜ ਵੀ ਜਾਰੀ ਹੈ। ਵਪਾਰ-ਯੁੱਧ ਦੇ ਨਵੇਂ-ਨਵੇਂ ਤਰੀਕੇ ਅਤੇ ਯੁੱਧਨੀਤੀਆਂ ਵਿਕਸਿਤ ਹੋਈਆਂ ਹਨ। ਪਰ ਅਤੀਤ ਦੇ ਇਨਕਲਾਬਾਂ ਤੋਂ ਸਬਕ ਲੈ ਕੇ, ਅੱਜ ਸਾਮਰਾਜਵਾਦੀ ਲੁਟੇਰੇ ਆਪਣੀ-ਆਪਣੀ ਆਰਥਿਕ ਸ਼ਕਤੀ ਦੇ ਹਿਸਾਬ ਨਾਲ਼ ਸੰਸਾਰ ਪੱਧਰ 'ਤੇ ਨਿਚੋੜੀ ਗਈ ਵਾਧੂ ਕਦਰ 'ਚੋਂ ਆਪਣਾ-ਆਪਣਾ ਹਿੱਸਾ ਲੈਣ ਦਾ ਕੰਮ ਲੰਮੇ ਸਮੇਂ ਤੱਕ ਕਰਦੇ ਰਹਿੰਦੇ ਹਨ, ਵਿਰੋਧੀ ਦੇ ਹਰ ਸੰਕਟ ਦਾ ਲਾਭ ਲੈਣ ਲਈ ਘਾਤ ਲਗਾਈ ਰੱਖਦੇ ਹਨ ਅਤੇ ਤਾਕਤ ਦੇ ਸਮਤੋਲ ਨੂੰ ਬਦਲਣ ਲਈ ਪਰਸਪਰ-ਵਿਰੋਧੀ ਗੁੱਟਾਂ-ਸਮਝੌਤਿਆਂ 'ਚ ਇਕੱਠੇ ਹੁੰਦੇ ਹਨ ਅਤੇ ਫਿਰ ਟੁੱਟਦੇ ਰਹਿੰਦੇ ਹਨ। ਅੰਤਰ-ਸਾਮਰਾਜਵਾਦੀ ਅੰਤਰ-ਵਿਰੋਧ ਦੁਨੀਆਂ ਦੇ

ਵੱਖੋ-ਵੱਖ ਖੇਤਰਾਂ ਵਿੱਚ ਜਾਰੀ ਖੇਤਰੀ ਯੁੱਧਾਂ ਪਿੱਛੇ ਬੁਨਿਆਦੀ ਜਾਂ ਗੌਣ ਰੂਪ ਵਿੱਚ ਮੌਜੂਦ ਰਹਿੰਦੇ ਹਨ ਪਰ ਸੰਸਾਰ ਜੰਗ ਦੇ ਰੂਪ ਵਿੱਚ ਇਨ੍ਹਾਂ ਦੇ ਵਿਸਫੋਟ ਦੀ ਸੰਭਾਵਨਾ ਹੁਣ ਬਹੁਤ ਘੱਟ ਗਈ ਹੈ, ਹਾਲਾਂਕਿ ਪੂਰੀ ਤਰ੍ਹਾਂ ਖਤਮ ਨਹੀਂ ਹੋਈ। ਇਸ ਦਾ ਇੱਕ ਬੁਨਿਆਦੀ ਕਾਰਨ ਇਹ ਵੀ ਹੈ ਕਿ ਸੰਸਾਰ ਮੰਡੀ ਦੇ ਵੱਡੇ ਤੋਂ ਵੱਡੇ ਭਾਗ ’ਤੇ ਕਬਜ਼ੇ ਅਤੇ ਸਰਦਾਰੀ ਦੀ ਲੜਾਈ ਅੱਜ ਬਸਤੀਆਂ ਦੇ ਕਬਜ਼ੇ ਅਤੇ ਵੰਡ ਦੇ ਰੂਪ ਵਿੱਚ ਨਹੀਂ ਹੋ ਰਹੀ ਹੈ। ਮੁੱਖ ਤੌਰ ’ਤੇ ਅਤੀਤ ਦੇ ਇਨਕਲਾਬਾਂ ਅਤੇ ਜਮਾਤੀ ਸੰਘਰਸ਼ਾਂ ਦੇ ਦਬਾਅ ਦੇ ਕਾਰਨ ਬਸਤੀਆਂ ਅਤੇ ਜ਼ਿਆਦਾਤਰ ਨਵ-ਬਸਤੀਵਾਦ ਦੇ ਦੌਰ ’ਚੋਂ ਦੁਨੀਆਂ ਅੱਗੇ ਨਿਕਲ ਆਈ ਹੈ। ਸਾਰੇ ਦੇਸ਼ਾਂ ਦੇ ਬਾਜ਼ਾਰਾਂ ਵਿੱਚ ਸਾਰੇ ਸਾਮਰਾਜਵਾਦੀਆਂ ਦਾ ਦਖਲ, ਥੋੜ੍ਹੀਆਂ ਬਹੁਤ ਪਾਬੰਦੀਆਂ ਦੇ ਬਾਵਜੂਦ ਅੱਜ ਸੰਭਵ ਹੈ।

ਆਪਸੀ ਮੁਕਾਬਲੇ ਦੇ ਬਾਵਜੂਦ ਪੱਛੜੇ ਦੇਸ਼ਾਂ ਦੀ ਜਨਤਾ ਅਤੇ ਹਾਕਮ ਪੂੰਜੀਪਤੀਆਂ ’ਤੇ ਆਮ ਸਹਿਮਤੀ ਦੀਆਂ ਆਪਣੀਆਂ ਨੀਤੀਆਂ ਥੋਪਣ ਲਈ ਸਾਮਰਾਜਵਾਦੀ ਦੇਸ਼ ਅੱਜ ਵਕਤੀ ਤੌਰ ’ਤੇ ਇੱਕਜੁੱਟ ਹਨ ਅਤੇ ਵਿਸ਼ਵ-ਬੈਂਕ-ਆਈ. ਐਮ. ਐਫ., ਵਿਸ਼ਵ-ਵਪਾਰ ਸੰਗਠਨ ਜਿਹੀਆਂ ਅੰਤਰਰਾਸ਼ਟਰੀ ਏਜੰਸੀਆਂ ਲੁੱਟ ’ਚ ਕਰਜ਼ੇ ਅਤੇ ਦਾਨ ਦੀ ਜ਼ਿਆਦਾ ਤੋਂ ਜ਼ਿਆਦਾ ਪ੍ਰਭਾਵਸ਼ਾਲੀ ਭੂਮਿਕਾ ਬਣਾ ਕੇ, ਪੱਛੜੇ ਦੇਸ਼ਾਂ ਦੇ ਕੌਮੀ ਬਾਜ਼ਾਰਾਂ ’ਚ ਦਖਲ ਨੂੰ ਵੱਧ ਤੋਂ ਵੱਧ ਬੇਲਗਾਮ ਬਣਾ ਕੇ ਅਤੇ ਮਨਮਰਜ਼ੀ ਦੀਆਂ ਵਪਾਰ-ਸ਼ਰਤਾਂ ਨੂੰ ਥੋਪਣ ’ਚ ਮਦਦਗਾਰ ਬਣਾ ਕੇ ਸਾਮਰਾਜਵਾਦੀਆਂ ਦੀ ਆਮ ਸਹਿਮਤੀ ਦੀਆਂ ਨੀਤੀਆਂ ਨੂੰ ਵਿਸ਼ਵ ਪੱਧਰ ’ਤੇ ਲਾਗੂ ਕਰਨ ’ਚ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹਨ।

ਸਾਮਰਾਜਵਾਦ ਦੇ ਵਰਤਮਾਨ ਦੌਰ ਦਾ ਇੱਕ ਹੋਰ ਮਹੱਤਵਪੂਰਨ ਬਦਲਾਅ ਗੌਰ ਕਰਨ ਯੋਗ ਹੈ। ਮੁਨਾਫੇ ਦੀ ਵਾਧਾ ਦਰ ਵਧਾਉਣ ਲਈ ਦੇਸੀ-ਵਿਦੇਸ਼ੀ ਕੰਪਨੀਆਂ ਕਿਸੇ ਇੱਕ ਹੀ ਚੀਜ਼ ਦੇ ਉਤਪਾਦਨ ਦੀ ਪੂਰੀ ਪ੍ਰਕ੍ਰਿਆ ਨੂੰ ਕਈ ਦੇਸ਼ਾਂ ਵਿੱਚ ਅਤੇ ਇੱਕ ਦੇਸ਼ ਅੰਦਰ ਕਈ ਥਾਵਾਂ ’ਤੇ ਖਿੰਡਾ ਦਿੰਦੀਆਂ ਹਨ। ਇੱਕ ਹੀ ਮਸ਼ੀਨ ’ਤੇ ਅਸੈਂਬਲੀ ਲਾਈਨ ’ਤੇ ਜੋ ਚੀਜ਼ ਬਣਦੀ ਸੀ, ਹੁਣ ਉਹ ਪ੍ਰਕ੍ਰਿਆ ਕਈ ਮਸ਼ੀਨਾਂ ’ਤੇ ਵੰਡ ਦਿੱਤੀ ਗਈ ਹੈ। ਇਸ ਨੂੰ ਬੁੱਧੀਜੀਵੀ ਲੋਕਾਂ ਨੇ “ਗਲੋਬਲ ਅਸੈਂਬਲੀ ਲਾਈਨ” ਦੀ ਨਵੀਂ ਘਟਨਾ ਦਾ ਨਾਮ ਦਿੱਤਾ ਹੈ, ਜਿੱਥੇ ਜਿਸ ਤਰ੍ਹਾਂ ਦੀ ਸਸਤੀ ਕਿਰਤ ਸ਼ਕਤੀ ਮੌਜੂਦ ਹੈ ਅਤੇ ਜਿੱਥੇ ਜਿਸ ਤਰ੍ਹਾਂ ਦਾ ਕੱਚਾ ਮਾਲ ਸਸਤਾ ਅਤੇ ਆਸਾਨੀ ਨਾਲ਼ ਉਪਲੱਬਧ ਹੈ, ਉੱਥੇ-ਉੱਥੇ ਵੱਖ-ਵੱਖ ਕਿਸਮ ਦੇ ਉਹੋ-ਜਿਹੇ ਹਿੱਸੇ ਬਣਾਏ ਜਾਂਦੇ ਹਨ ਅਤੇ ਫਿਰ ਉਨ੍ਹਾਂ ਨੂੰ ਇੱਕ ਵੱਖਰੀ ਮਸ਼ੀਨ ਨਾਲ਼ ਜੋੜ ਕੇ ਪੈਦਾਵਾਰ ਨੂੰ ਅੰਤਿਮ ਰੂਪ ਦਿੱਤਾ ਜਾਂਦਾ ਹੈ। ਜਿਵੇਂ ਉੱਨਤ ਦੇਸ਼ ਦੀ ਕੋਈ ਕੰਪਨੀ ਕਿਸੇ ਇੱਕ ਫਚੜੇ ਦੇਸ਼ ਵਿਚ ਸਸਤੇ ਕੱਚੇ ਮਾਲ ਅਤੇ ਸਸਤੀ ਕਿਰਤ ਸ਼ਕਤੀ ਦੀ ਖਰੀਦ ਨਾਲ਼ ਇੱਕ ਫਰਮਾ ਬਣਾਉਂਦੀ ਹੈ, ਦੂਸਰੇ ਦੇਸ਼ਾਂ ਵਿੱਚ ਦੂਸਰਾ ਫਰਮਾ ਬਣਾਉਂਦੀ ਹੈ, ਤੀਸਰੇ ਦੇਸ਼ ਵਿੱਚ ਤੀਸਰਾ ਅਤੇ ਫਿਰ ਉਨ੍ਹਾਂ ਨੂੰ

ਜੋੜ ਕੇ ਕਿਸੇ ਚੌਥੇ ਦੇਸ਼ ਵਿੱਚ ਉਤਪਾਦ ਅੰਤਿਮ ਰੂਪ ਵਿੱਚ ਤਿਆਰ ਹੁੰਦਾ ਹੈ ਅਤੇ ਉਸ ਨੂੰ ਉਨ੍ਹਾਂ ਦੇਸ਼ਾਂ ਦੇ ਬਾਜ਼ਾਰਾਂ ਵਿੱਚ ਵੇਚਣ ਲਈ ਭੇਜ ਦਿੱਤਾ ਜਾਂਦਾ ਹੈ ਜਿੱਥੇ ਉਸ ਦੀ ਮੰਗ ਹੋਵੇ ਅਤੇ ਖਰੀਦਣ ਵਾਲ਼ੇ ਬਿਹਤਰ ਕੀਮਤ ਦੇਣ ਦੀ ਸਮਰੱਥਾ ਰੱਖਦੇ ਹੋਣ। ਇਸ ਨਾਲ਼ ਮੁਨਾਫੇ ਦੀ ਦਰ ਵਧਾ ਕੇ ਸੁਪਰ ਮੁਨਾਫਾ ਨਿਚੋੜਣ ਦੇ ਨਾਲ਼ ਹੀ ਸਾਮਰਾਜਵਾਦੀਆਂ ਨੂੰ ਕਈ ਲਾਭ ਮਿਲਦੇ ਹਨ। ਇੱਕ ਤਾਂ ਇੱਕੋ ਹੀ ਕਾਰਖਾਨੇ ਦੀ ਚਾਰਦੀਵਾਰੀ ਵਿਚ ਕੰਮ ਕਰਨ ਵਾਲ਼ੇ ਮਜ਼ਦੂਰਾਂ ਦੀ ਜ਼ਿਆਦਾਤਰ ਬਹੁਗਿਣਤੀ ਨੂੰ ਕਈ ਥਾਵਾਂ ’ਤੇ ਖਿੰਡਾ ਦੇਣ ਨਾਲ਼ ਉਨ੍ਹਾਂ ਦੀ ਦਬਾਅ ਬਣਾਉਣ ਦੀ ਤਾਕਤ ਵਕਤੀ ਤੌਰ ’ਤੇ ਘੱਟ ਹੋ ਜਾਂਦੀ ਹੈ। ਪਛੜੇ ਦੇਸ਼ਾਂ ਦੇ ਮਜ਼ਦੂਰਾਂ ਦੇ ਆਉਣ ਨਾਲ਼ ਸਾਮਰਾਜਵਾਦੀ ਦੇਸ਼ਾਂ ਅੰਦਰ ਜੋ ਸਮਾਜਿਕ ਸੰਕਟ ਪੈਦਾ ਹੋ ਰਿਹਾ ਹੈ, ਉਸ ਤੋਂ ਵੀ ਕਿਸੇ ਹੱਦ ਤੱਕ ਨਿਜਾਤ ਮਿਲ ਰਹੀ ਹੈ ਅਤੇ ਮਜ਼ਦੂਰਾਂ ਦੇ ਪ੍ਰਾਪਤ ਕੀਤੇ ਅਧਿਕਾਰਾਂ ਨੂੰ ਖੋਹਣ, ਉਨ੍ਹਾਂ ਦੇ ਅੰਦੋਲਨਾਂ ਨੂੰ ਤੋੜਨ ਅਤੇ ਵੱਧ ਤੋਂ ਵੱਧ ਕੰਮ ਠੇਕਾ ਮਜ਼ਦੂਰਾਂ ਜਾਂ ਅਸਥਾਈ ਮਜ਼ਦੂਰਾਂ ਤੋਂ ਕਰਾਉਣਾ ਜ਼ਿਆਦਾ ਸੌਖਾ ਹੋ ਗਿਆ ਹੈ। ਪੈਦਾਵਾਰ ਪ੍ਰਕ੍ਰਿਆ ਦੇ ਇਸ “ਵਿਸ਼ਵੀਕਰਨ” ਨਾਲ਼ ਵਕਤੀ ਤੌਰ ਤੇ ਸਾਮਰਾਜਵਾਦੀਆਂ ਨੂੰ ਭਾਵੇਂ ਜ਼ਰੂਰ ਹੀ ਲਾਭ ਮਿਲ ਰਿਹਾ ਹੋਵੇ ਅਤੇ ਮਜ਼ਦੂਰ ਅੰਦੋਲਨ ਦੇ ਸਨਮੁਖ ਭਾਵੇਂ ਹੀ ਕੁੱਝ ਨਵੀਆਂ ਚੁਣੌਤੀਆਂ ਪੈਦਾ ਹੋ ਰਹੀਆਂ ਹੋਣ ਪਰ ਪੈਦਾਵਾਰ ਦਾ ਹੋਰ ਜ਼ਿਆਦਾ ਉੱਚੇ ਧਰਾਤਲ ਦਾ ਇਹ ਸਮਾਜੀਕਰਨ ਲੰਮੇ-ਦਾਅ ਤੋਂ ਸਮਾਜਵਾਦ ਦਾ ਹੋਰ ਜ਼ਿਆਦਾ ਬਾਹਰਮੁਖੀ ਆਧਾਰ ਤਿਆਰ ਕਰ ਰਿਹਾ ਹੈ। ਇਹ ਕਈ ਦੇਸ਼ਾਂ ਦੇ ਮਜ਼ਦੂਰਾਂ ਨੂੰ ਇੱਕ-ਦੂਜੇ ਨਾਲ਼ ਜੋੜ ਰਿਹਾ ਹੈ। ਇਨਕਲਾਬੀ ਤਾਕਤਾਂ ਦੇ ਪ੍ਰਚਾਰ ਅਤੇ ਸੰਘਰਸ਼ਾਂ ਤੋਂ ਪ੍ਰਾਪਤ ਉੱਨਤ ਚੇਤਨਾ ਦੇ ਆਧਾਰ ’ਤੇ ਮਜ਼ਦੂਰ ਜਮਾਤ ਜਦੋਂ ਇਸ ਸੱਚਾਈ ਨੂੰ ਸਮਝ ਜਾਵੇਗੀ ਤਾਂ ਦੂਰੇਡੇ, ਮਜ਼ਦੂਰਾਂ ਦੇ ਇੱਕਜੁੱਟ ਸੰਘਰਸ਼, ਪ੍ਰਬੰਧ ਨੂੰ ਲੰਗੜਾ ਕਰ ਦੇਣ ਦਾ ਕੰਮ ਅੱਜ ਪਹਿਲਾਂ ਦੇ ਮੁਕਾਬਲੇ ਵੱਧ ਪ੍ਰਭਾਵਸ਼ਾਲੀ ਢੰਗ ਨਾਲ਼ ਕਰ ਸਕਣਗੇ।

ਏਸ਼ੀਆ, ਅਫਰੀਕਾ, ਲਾਤੀਨੀ ਅਮਰੀਕਾ ਦੇ ਜੋ ਦੇਸ਼ ਪਹਿਲਾਂ ਬਸਤੀਆਂ ਸਨ, ਸਿਆਸੀ ਅਜ਼ਾਦੀ ਪ੍ਰਾਪਤ ਕਰ ਲੈਣ ਤੋਂ ਬਾਅਦ ਦੇਸੀ ਬੁਰਜੂਆਜ਼ੀ ਸੱਤ੍ਹਾ ਵਿੱਚ ਸਥਾਪਿਤ ਹੋਈ। ਉਨ੍ਹਾਂ ’ਚੋਂ ਕੁੱਝ ਨੇ ਆਪਣੇ ਦੇਸ਼ ’ਚ ਪੂੰਜੀਵਾਦ ਦੇ ਵਿਕਾਸ ਲਈ ਸਾਮਰਾਜਵਾਦੀ ਦੇਸ਼ਾਂ ਤੋਂ ਪੂੰਜੀ ਅਤੇ ਤਕਨਾਲੋਜੀ ਦੀ ਮਦਦ ’ਤੇ ਜ਼ਿਆਦਾ ਜ਼ੋਰ ਦਿੱਤਾ। ਉਹ ਜ਼ਿਆਦਾ ਸਾਮਰਾਜਵਾਦੀ ਦਬਾਅ ’ਚ ਰਹੇ ਅਤੇ ਉਨ੍ਹਾਂ ਦੀ ਸਿਆਸੀ ਅਜ਼ਾਦੀ ਵੀ ਇਨ੍ਹਾਂ ਅਰਥਾਂ ਵਿੱਚ ਸੀਮਤ ਹੁੰਦੀ ਗਈ। ਕੁਝ ਦੇਸ਼ਾਂ ਨੇ ਸਮਾਜਵਾਦੀ ਖੇਮੇ ਅਤੇ ਅੰਤਰ ਸਾਮਰਾਜਵਾਦੀ ਮੁਕਾਬਲੇ ਦਾ ਲਾਭ ਲੈ ਕੇ ਸਾਮਰਾਜਵਾਦੀ ਮਦਦ ਦੀਆਂ ਸ਼ਰਤਾਂ ਦੇ ਦਬਾਅ ਨੂੰ ਘੱਟ ਕੀਤਾ ਅਤੇ ਨਾਲ਼ ਹੀ ਰਾਜਕੀ ਪੂੰਜੀਵਾਦੀ ਢਾਂਚਾ ਖੜ੍ਹਾ ਕਰਕੇ ਟੈਕਸਾਂ ਅਤੇ ਲੋਕਾਂ ਵੱਲੋਂ ਬੱਚਤ ਆਦਿ ਦੇ ਮਧਿਅਮ ਨਾਲ਼ ਸਿੱਧਾ ਲੋਕਾਂ ਤੋਂ ਪੈਸਾ ਇਕੱਠਾ ਕਰਕੇ ਪੂੰਜੀ ਦੀ ਆਪਣੀ ਲੋੜ ਇੱਕ ਹੱਦ ਤੱਕ ਪੂਰੀ ਕੀਤੀ। ਪਰ

ਸਾਮਰਾਜਵਾਦ ਦੇ ਏਕੀਕ੍ਰਿਤ ਸੰਸਾਰ ਅਰਥਚਾਰੇ ਦੇ ਇਸ ਯੁੱਗ ਵਿੱਚ ਇਸ ਰਾਹ ਦੀ ਇੱਕ ਸੀਮਾ ਸੀ ਅਤੇ ਉਸ ਨੂੰ ਸੰਤ੍ਰਿਪਤ ਹੁੰਦੇ ਦੇਰ ਨਾ ਲੱਗੀ। ਹੁਣ ਪੂੰਜੀਵਾਦੀ ਵਿਕਾਸ ਨੂੰ ਅੱਗੇ ਲਿਜਾਣ ਲਈ, ਹੌਲ਼ੀ-ਹੌਲ਼ੀ ਅਰਥਚਾਰੇ ਦੇ ਦਰਵਾਜ਼ਿਆਂ ਨੂੰ ਵਿਸ਼ਵ ਪੂੰਜੀ ਲਈ ਪੂਰੀ ਤਰ੍ਹਾਂ ਖੋਲ੍ਹ ਦੇਣਾ ਅਤੇ ਰਾਜਕੀ ਇਜਾਰੇਦਾਰੀਆਂ ਨੂੰ ਕੌਡੀਆਂ ਦੇ ਭਾਅ ਦੇਸੀ ਅਤੇ ਵਿਦੇਸ਼ੀਆਂ ਪੂੰਜੀਪਤੀਆਂ ਨੂੰ ਵੇਚ ਦੇਣਾ ਇਨ੍ਹਾਂ ਪੱਛੜੇ ਦੇਸ਼ਾਂ ਦੇ ਪੂੰਜੀਵਾਦੀਆਂ ਦੀ ਆਪਣੀ ਲੋੜ ਸੀ ਅਤੇ ਮਜਬੂਰੀ ਵੀ ਸੀ। ਇਨ੍ਹਾਂ ਦੇਸ਼ਾਂ ਦਾ ਕੋਈ ਵੀ ਹਿੱਸਾ ਅੱਜ ਕੌਮੀ ਜਾਂ ਸਾਮਰਾਜਵਾਦ ਵਿਰੋਧੀ ਨਹੀਂ ਰਹਿ ਗਿਆ ਹੈ। ਉਹ ਆਪਣੀ ਇੱਛਾ ਨਾਲ਼ ਸਾਮਰਾਜਵਾਦੀਆਂ ਦਾ "ਜੂਨੀਅਰ ਪਾਰਟਨਰ" ਬਣ ਗਿਆ ਹੈ। ਵਾਧੂ ਕਦਰ ਹੜੱਪਣ 'ਚ ਆਪਣਾ ਹਿੱਸਾ ਵਧਾਉਣ-ਬਚਾਉਣ ਦੇ ਸਵਾਲ 'ਤੇ ਸਾਮਰਾਜਵਾਦੀਆਂ ਨਾਲ਼ ਉਨ੍ਹਾਂ ਦੇ ਅੰਤਰ ਵਿਰੋਧ ਤਿੱਖੇ-ਮੱਧਮ ਰੂਪ ਵਿੱਚ ਚੱਲਦੇ ਰਹਿੰਦੇ ਹਨ ਪਰ ਹੁਣ ਉਹ ਜਨਤਾ ਦੇ ਨਾਲ਼ ਖੜ੍ਹ ਕੇ ਸਾਮਰਾਜਵਾਦ ਨਾਲ਼ ਨਹੀਂ ਲੜ ਸਕਦਾ। ਉਹ ਵਿਆਪਕ ਲੋਕਾਈ ਨੂੰ ਲੁੱਟਣ ਵਿੱਚ ਵੱਡੇ ਲੁਟੇਰਿਆਂ ਦਾ ਸਾਂਝੀਦਾਰ ਹੈ। ਲੋਕਾਈ ਜਦੋਂ ਉਸ ਵਿਰੁੱਧ ਲੜਦੀ ਹੈ ਤਾਂ ਸਾਮਰਾਜਵਾਦ ਉਸ ਦੇ ਪੱਖ ਵਿੱਚ ਮਜ਼ਬੂਤੀ ਨਾਲ਼ ਖੜ੍ਹਦਾ ਹੈ ਅਤੇ ਲੋਕਾਈ ਜਦੋਂ ਸਾਮਰਾਜਵਾਦ ਵਿਰੁੱਧ ਲੜਦੀ ਹੈ ਤਾਂ ਉਹ ਸਾਮਰਾਜਵਾਦ ਦੇ ਪੱਖ ਵਿੱਚ ਮਜ਼ਬੂਤੀ ਨਾਲ਼ ਖੜ੍ਹਦਾ ਹੈ।

ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਦੇਸੀ ਪੂੰਜੀਪਤੀਆਂ ਦੇ ਸ਼ਾਸਨ ਦੌਰਾਨ ਇੱਕ ਕ੍ਰਮਵਾਰ ਪ੍ਰਕਿਰਿਆ ਵਿੱਚ ਉਦਯੋਗਾਂ ਤੋਂ ਇਲਾਵਾ ਪਿੰਡਾਂ ਵਿੱਚ ਵੀ ਪੂੰਜੀਵਾਦੀ ਵਿਕਾਸ ਹੋਇਆ ਹੈ ਅਤੇ ਵੱਖ-ਵੱਖ ਰੂਪਾਂ ਵਿਚ ਜਾਗੀਰਦਾਰੀ ਜਾਂ ਪੂਰਵ ਪੂੰਜੀਵਾਦੀ ਰਹਿੰਦ-ਖੂੰਹਦ ਦੀ ਮੌਜੂਦਗੀ ਦੇ ਬਾਵਜੂਦ ਪੂੰਜੀਵਾਦੀ ਪੈਦਾਵਾਰੀ ਸਬੰਧ ਪ੍ਰਧਾਨ ਹੋ ਗਏ ਹਨ, ਕੌਮੀ ਮੰਡੀ ਜਥੇਬੰਦ ਹੋਈ ਹੈ ਅਤੇ ਖੇਤੀਬਾੜੀ ਦੇ ਖੇਤਰ ਵਿੱਚ ਵੀ ਮੰਡੀ ਲਈ ਪੈਦਾਵਾਰ ਦੀ ਪ੍ਰਵਿਰਤੀ ਪ੍ਰਧਾਨ ਹੋ ਗਈ ਹੈ। ਇਸ ਪ੍ਰਕ੍ਰਿਆ ਦੇ ਸਿੱਟੇ ਵਜੋਂ ਇਨ੍ਹਾਂ ਸਮਾਜਾਂ ਦੀ ਜਮਾਤੀ ਬਣਤਰ 'ਚ ਮਹੱਤਵਪੂਰਨ ਬਦਲਾਅ ਆਏ ਹਨ। ਕੁੱਝ ਦੇਸ਼ਾਂ ਨੂੰ ਛੱਡ ਕੇ ਅੱਜ ਤੀਜੀ ਦੁਨੀਆਂ ਦੇ ਜ਼ਿਆਦਾਤਰ ਦੇਸ਼ ਪਛੜੇ ਹੋਏ ਪੂੰਜੀਵਾਦੀ ਦੇਸ਼ ਬਣ ਚੁੱਕੇ ਹਨ।

ਅਸੀਂ ਮੰਨਦੇ ਹਾਂ ਕਿ ਅੱਜ ਵੀ ਦੁਨੀਆਂ ਦੇ ਪੱਛੜੇ ਦੇਸ਼ ਹੀ ਸਾਮਰਾਜਵਾਦ ਦੀ ਕਮਜ਼ੋਰ ਕੜੀ ਅਤੇ ਭਾਵੀ ਇਨਕਲਾਬਾਂ ਦੇ ਤੂਫ਼ਾਨਾਂ ਦੇ ਸੰਭਾਵਨਾ ਭਰਪੂਰ ਕੇਂਦਰ ਹਨ ਪਰ ਇਨ੍ਹਾਂ ਤੂਫਾਨੀ ਕੇਂਦਰਾਂ ਦੀ ਜਮਾਤੀ ਬਣਤਰ ਵਿੱਚ ਅਤੇ ਉਸ ਅਨੁਸਾਰ ਇਨਕਲਾਬ ਦੀ ਪ੍ਰਕ੍ਰਿਤੀ ਵਿੱਚ ਬੁਨਿਆਦੀ ਬਦਲਾਅ ਆਏ ਹਨ। ਇਹ ਸਾਮਰਾਜਵਾਦ ਦਾ ਹੀ ਯੁੱਗ ਹੈ, ਪਰ ਇਹ ਦੌਰ ਬਸਤੀਵਾਦ ਜਾਂ ਨਵ-ਬਸਤੀਵਾਦ ਦਾ ਨਹੀਂ ਬਲਕਿ ਆਰਥਿਕ ਨਵ-ਬਸਤੀਵਾਦ ਦਾ ਹੈ ਅਤੇ ਜ਼ਿਆਦਾਤਰ ਦੇਸ਼ਾਂ 'ਚ ਅੱਜ ਸਾਮਰਾਜਵਾਦ-ਜਗੀਰਦਾਰੀ ਵਿਰੋਧੀ ਕੌਮੀ ਜਮਹੂਰੀ ਇਨਕਲਾਬ ਨਹੀਂ, ਬਲਕਿ ਸਾਮਰਾਜਵਾਦ ਅਤੇ ਦੇਸੀ ਪੂੰਜੀਵਾਦ

ਵਿਰੋਧੀ ਨਵੀਂ ਤਰ੍ਹਾਂ ਦੇ ਸਮਾਜਵਾਦੀ ਇਨਕਲਾਬ ਹੋਣਗੇ।

ਆਪਣੇ ਹੀ ਦੇਸ਼ ਨੂੰ ਇੱਕ ਪ੍ਰਤੀਨਿਧੀ ਉਦਾਹਰਣ ਵਜੋਂ ਲਈਏ। ਬੀਤੀ ਅੱਧੀ ਸਦੀ ਵਿੱਚ ਨਾ ਸਿਰਫ ਉਦਯੋਗਾਂ ਅਤੇ ਸ਼ਹਿਰਾਂ ਦਾ ਜ਼ਿਆਦਾ ਵਿਸਥਾਰ ਹੋਇਆ ਹੈ, ਸਗੋਂ ਖੇਤੀਬਾੜੀ ਦਾ ਵੀ ਮਸ਼ੀਨੀਕਰਨ ਹੋਇਆ ਹੈ ਅਤੇ ਪਿੰਡਾਂ ਵਿੱਚ ਖੇਤੀ ਅਧਾਰਿਤ ਅਤੇ ਇਸ ਨਾਲ਼ ਸਬੰਧਿਤ ਉਦਯੋਗ ਧੰਦਿਆਂ ਦਾ ਵਿਸ਼ਾਲ ਤਾਣਾ-ਬਾਣਾ ਵਿਕਸਿਤ ਹੋਇਆ ਹੈ। ਦੇਸੀ ਬੁਰਜੂਆਜ਼ੀ ਨੇ ਆਪਣੇ ਉਤਪਾਦਾਂ ਨੂੰ ਵੇਚਣ ਅਤੇ ਸਸਤੀ ਤੋਂ ਸਸਤੀ ਦਰ ’ਤੇ ਕਿਰਤ ਸ਼ਕਤੀ ਖਰੀਦਣ ਲਈ ਅਤੇ ਖੇਤੀਬਾੜੀ ਵਿੱਚ ਮਸ਼ੀਨਾਂ-ਖਾਦਾਂ-ਉੱਨਤ ਬੀਜਾਂ ਆਦਿ ਦਾ ਨਵਾਂ ਬਾਜ਼ਾਰ ਤਿਆਰ ਕਰਨ ਲਈ ਜਾਗੀਰੂ ਭੂਮੀ ਸਬੰਧਾਂ ਨੂੰ ਤੋੜ ਕੇ ਕਾਸ਼ਤਕਾਰਾਂ ਨੂੰ ਮਾਲਕ ਬਣਾਉਣ ਅਤੇ ਕਿਰਤ ਨੂੰ ਮੁਕਤ ਕਰਨ ਦੇ ਕੰਮ ਨੂੰ ਇੱਕ ਕ੍ਰਮਵਾਰ ਪ੍ਰਕਿਰਿਆ ਵਿੱਚ ਸਿਰੇ ਚਾੜ੍ਹਿਆ। ਮਾਲਕੀ ਮਿਲਣ ਤੋਂ ਬਾਅਦ ਵੱਡੇ ਮਾਲਕ ਕਿਸਾਨ ਹੁਣ ਪੂੰਜੀ ਲਾ ਕੇ ਬਾਜ਼ਾਰ ਲਈ ਪੈਦਾ ਕਰ ਰਹੇ ਹਨ ਅਤੇ ਆਪਣੇ ਖੇਤਾਂ ਵਿੱਚ ਉਜਰਤੀ ਮਜ਼ਦੂਰਾਂ ਦੀ ਕਿਰਤ ਸ਼ਕਤੀ ਨਿਚੋੜ ਰਹੇ ਹਨ। ਜਾਗੀਰਦਾਰ ਜ਼ਿਮੀਂਦਾਰਾਂ ਦਾ ਇੱਕ ਹਿੱਸਾ ਵੀ ਆਪਣੇ ਤੌਰ-ਤਰੀਕੇ ਬਦਲ ਕੇ ਪੂੰਜੀਵਾਦੀ ਭੂਮੀ ਮਾਲਕ ਬਣ ਗਿਆ ਹੈ। ਛੋਟੇ ਦਰਮਿਆਨੇ ਮਾਲਕ ਕਿਸਾਨਾਂ ਦਾ ਵੱਡੇ ਤੋਂ ਵੱਡਾ ਹਿੱਸਾ ਪੂੰਜੀ ਦੀ ਮਾਰ ਨਾਲ਼ ਉੱਜੜ ਕੇ ਮਜ਼ਦੂਰਾਂ ਦੀਆਂ ਸਫਾਂ ਵਿੱਚ ਸ਼ਾਮਿਲ ਹੋ ਰਿਹਾ ਹੈ ਅਤੇ ਪਿੰਡਾਂ ਸ਼ਹਿਰਾਂ ਦੀ ਪ੍ਰੋਲੇਤਾਰੀ-ਅਰਧ-ਪ੍ਰੋਲੇਤਾਰੀ ਆਬਾਦੀ ਅੱਜ ਲਗਭਗ ਕੁੱਲ ਆਬਾਦੀ ਦੇ ਅੱਧ ਤੱਕ ਪਹੁੰਚ ਰਹੀ ਹੈ।

ਇਹ ਇੱਕ ਲੰਮੀ ਚਰਚਾ ਦਾ ਵਿਸ਼ਾ ਹੈ ਪਰ ਇੰਨੀ ਚਰਚਾ ਨਾਲ਼ ਵੀ ਇਹ ਗੱਲ ਸਮਝ ਆ ਜਾਂਦੀ ਹੈ ਕਿ ਭਾਰਤ ਕੁੱਲ ਮਿਲਾ ਕੇ ਇੱਕ ਪੂੰਜੀਵਾਦੀ ਦੇਸ਼ ਬਣ ਚੁੱਕਾ ਹੈ। ਇਹ ਅਜ਼ਾਦ ਪੂੰਜੀਵਾਦੀ ਦੇਸ਼ ਨਹੀਂ ਹੈ, ਇੱਥੋਂ ਦਾ ਹਾਕਮ ਪੂੰਜੀਪਤੀ, ਸਾਮਰਾਜਵਾਦੀਆਂ ਦਾ ਜੂਨੀਅਰ ਪਾਰਟਨਰ ਹੈ ਅਤੇ ਇਹ ਇੱਕ ਅਜਿਹਾ ਪੱਛੜਿਆ ਹੋਇਆ ਪੂੰਜੀਵਾਦੀ ਦੇਸ਼ ਹੈ ਜਿੱਥੇ ਅਜੇ ਵੀ ਜਗੀਰੂ ਰਹਿੰਦ-ਖੂੰਹਦ ਮੌਜੂਦ ਹੈ। ਭਾਰਤ ਅਤੇ ਤੀਜੀ ਦੁਨੀਆਂ ਦੇ ਜ਼ਿਆਦਾਤਰ ਪੱਛੜੇ ਦੇਸ਼ਾਂ ’ਚ ਅੱਜ ਇੱਕ ਨਵੇਂ ਕਿਸਮ ਦਾ ਸਾਮਰਾਜਵਾਦੀ ਇਨਕਲਾਬ ਹੀ ਸੰਭਵ ਹੈ। ਜਾਗੀਰਦਾਰੀ ਦੀ ਰਹਿੰਦ-ਖੂੰਹਦ ਹੀ ਬਾਕੀ ਹੈ। ਪ੍ਰਧਾਨ ਵਿਰੋਧਤਾਈ ਕਿਰਤ ਅਤੇ ਪੂੰਜੀ ਵਿਚਲੀ ਵਿਰੋਧਤਾਈ ਹੀ ਹੈ।

ਵੀਹਵੀਂ ਸਦੀ ਵਿੱਚ 1917 ਦੇ ਰੂਸੀ ਸਮਾਜਵਾਦੀ ਇਨਕਲਾਬ ਤੋਂ ਬਾਅਦ ਸੰਸਾਰ ਪੂੰਜੀਵਾਦ ਵਿਰੁੱਧ ਵਿਸ਼ਵ ਪ੍ਰੋਲੇਤਾਰੀ ਇਨਕਲਾਬਾਂ ਦਾ ਉਭਾਰ ਜਦੋਂ ਅੱਗੇ ਵਧਿਆ ਤਾਂ ਇਨਕਲਾਬੀ ਤੂਫਾਨਾਂ ਦਾ ਕੇਂਦਰ ਉਹ ਦੇਸ਼ ਬਣੇ ਜੋ ਬਸਤੀਆਂ ਜਾਂ ਅਰਧ ਬਸਤੀਆਂ ਸਨ। ਉੱਥੇ ਹੀ ਲੁੱਟ ਅਤੇ ਸ਼ੋਸ਼ਣ ਦਾ ਦਬਾਅ ਵੱਧ ਸੀ। ਇਨ੍ਹਾਂ ਹੀ ਕਮਜ਼ੋਰ ਕੜੀਆਂ ਨੇ ਟੁੱਟਣਾ ਸੀ। ਇਨ੍ਹਾਂ ਸਾਰੇ ਦੇਸ਼ਾਂ ਵਿੱਚ ਕੌਮੀ ਮੁਕਤੀ ਦਾ ਸਵਾਲ ਉਸ ਸਮੇਂ ਕੇਂਦਰੀ ਸਵਾਲ ਸੀ ਅਤੇ ਪੂੰਜੀਪਤੀਆਂ ਦਾ ਇੱਕ ਹਿੱਸਾ ਵੀ ਉਸ ਸਮੇਂ ਸਾਮਰਾਜਵਾਦੀ

ਸੰਘਰਸ਼ ਵਿੱਚ ਉਤਰਨ ਲਈ ਤਿਆਰ ਸੀ ਕਿਉਂਕਿ ਸਿਆਸੀ ਅਜ਼ਾਦੀ ਤੋਂ ਬਿਨਾਂ ਉਹ ਆਪਣੇ ਵਿਕਾਸ ਦੀ ਕੋਈ ਸੰਭਾਵਨਾ ਨਹੀਂ ਦੇਖ ਰਿਹਾ ਸੀ। ਬਸਤੀਆਂ-ਅਰਧ-ਬਸਤੀਆਂ ਦੇ ਪਛੜੇ ਖੇਤੀ-ਪ੍ਰਧਾਨ ਸਮਾਜਾਂ 'ਚ ਦੂਜਾ ਮੁੱਖ ਸਵਾਲ ਸੀ ਜਗੀਰੂ ਭੂਮੀ ਸਬੰਧਾਂ ਦੇ ਖਾਤਮੇ ਦਾ ਜੋ ਸਮੁੱਚੀ ਕਿਸਾਨ ਆਬਾਦੀ ਦਾ ਸਵਾਲ ਸੀ। ਜਗੀਰੂ ਭੂ ਮਾਲਕ ਹੀ ਵਿਦੇਸ਼ੀ ਸੱਤ੍ਹਾ ਦੇ ਮੁੱਖ ਸਮਾਜਿਕ ਥੰਮ੍ਹ ਸਨ। ਇਸ ਲਈ ਜਾਗੀਰਦਾਰੀ ਦਾ ਵਿਰੋਧ ਅਤੇ ਸਾਮਰਾਜਵਾਦ ਦਾ ਵਿਰੋਧ ਇਹ ਦੋਵੇਂ ਵਿਰੋਧਤਾਈਆਂ ਆਪਸ ਵਿੱਚ ਬੱਝੀਆਂ ਹੋਈਆਂ ਸਨ। 1970 ਦੇ ਨੇੜੇ-ਤੇੜੇ ਜ਼ਿਆਦਾਤਰ ਬਸਤੀਆਂ ਸਿਆਸੀ ਆਜ਼ਾਦੀ ਹਾਸਲ ਕਰ ਚੁੱਕੀਆਂ ਸਨ ਅਤੇ ਉੱਥੇ ਪੂੰਜੀਵਾਦੀ ਵਿਕਾਸ ਦਾ ਕੰਮ ਅੱਗੇ ਵੱਧ ਚੁੱਕਾ ਸੀ। ਨੌਂਵੇਂ ਦਹਾਕੇ ਤੱਕ ਨਵ-ਬਸਤੀਵਾਦ ਦੀ ਸਥਿਤੀ ਵਿੱਚ ਵੀ ਕਾਫੀ ਬਦਲਾਅ ਆ ਚੁੱਕੇ ਸਨ ਅਤੇ ਫੌਜੀ ਤਾਨਾਸ਼ਾਹੀਆਂ ਦੀ ਥਾਂ ਉੱਥੇ ਸੀਮਤ ਜਮਹੂਰੀਅਤ ਦੀ ਬਹਾਲੀ ਹੋ ਚੁੱਕੀ ਸੀ। ਜਿਵੇਂ ਕਿ ਅਸੀਂ ਉੱਪਰ ਚਰਚਾ ਕੀਤੀ ਹੈ, ਇਹ ਸਾਬਕਾ ਬਸਤੀਆਂ ਅਤੇ ਨਵ-ਬਸਤੀਆਂ ਹੀ ਅੱਜ ਵੀ ਇਨਕਲਾਬਾਂ ਦੇ ਤੂਫਾਨਾਂ ਦੇ ਕੇਂਦਰ ਹਨ, ਪਰ ਇਨ੍ਹਾਂ ਦੀ ਜਮਾਤੀ ਸਮਾਜਿਕ ਸੰਰਚਨਾ ਬਦਲ ਚੁੱਕੀ ਹੈ।

ਪੁਰਾਣੇ ਇਨਕਲਾਬਾਂ ਦੀ ਅੰਨ੍ਹੇਵਾਹ ਨਕਲ ਅਤੇ ਕਠਮੁੱਲਾਵਾਦ ਦੇ ਸ਼ਿਕਾਰ ਲੋਕ ਕਹਿੰਦੇ ਹਨ ਕਿ ਕਿਉਂਕਿ ਅਸੀਂ ਅੱਜ ਵੀ ਸਾਮਰਾਜਵਾਦ ਦੇ ਯੁੱਗ 'ਚ ਜੀਅ ਰਹੇ ਹਾਂ, ਇਸ ਲਈ ਸਾਡੇ ਇਨਕਲਾਬ ਦੀ ਯੁੱਧਨੀਤੀ ਅਤੇ ਦਾਅ-ਪੇਚ ਅੱਜ ਵੀ ਉਹੀ ਹੋਣਗੇ, ਜੋ 1920 'ਚ, 1940 'ਚ ਜਾਂ 1960 'ਚ ਹੁੰਦੇ ਸਨ। ਉਹ ਕਹਿੰਦੇ ਹਨ ਕਿ ਵੀਹਵੀਂ ਸਦੀ ਦੇ ਮਹਾਨ ਇਨਕਲਾਬਾਂ ਦੇ ਆਗੂਆਂ ਨੇ ਇਹੀ ਕਿਹਾ ਸੀ ਕਿ ਏਸ਼ੀਆ-ਅਫਰੀਕਾ-ਲਾਤੀਨੀ ਅਮਰੀਕਾ ਦੇ ਦੇਸ਼ਾਂ 'ਚ ਕੌਮੀ ਜਮਹੂਰੀ ਇਨਕਲਾਬ ਅਤੇ ਯੂਰਪ ਅਮਰੀਕਾ 'ਚ ਸਮਾਜਵਾਦੀ ਇਨਕਲਾਬ ਸੰਸਾਰ ਇਨਕਲਾਬ ਦੇ ਇਹ ਦੋ ਅੰਗ ਹੋਣਗੇ। ਸਾਡਾ ਕਹਿਣਾ ਹੈ ਕਿ ਇਹ ਇਨਕਲਾਬ ਦਾ ਰਾਹ-ਦਿਖਾਊ ਸਿਧਾਂਤ ਨਹੀਂ, ਬਲਕਿ ਮੌਜੂਦ ਹਾਲਤਾਂ ਦਾ ਮੁਲਾਂਕਣ ਹੈ। ਇਸ ਨਾਲ਼ ਚਿਪਕਣਾ ਚੌਖਟੇ ਦੇ ਹਿਸਾਬ ਨਾਲ ਨਵੀਂ ਚੀਜ਼ ਨੂੰ ਕੱਟ-ਵੱਢ ਕੇ ਫਿੱਟ ਕਰਨਾ ਹੋਵੇਗਾ। ਹਾਲਾਤ ਬਦਲ ਚੁੱਕੇ ਹਨ। ਸਾਮਰਾਜਵਾਦ ਦਾ ਯੁੱਗ ਮੌਜੂਦ ਹੈ, ਬਸਤੀਵਾਦ-ਨਵਬਸਤੀਵਾਦ ਦਾ ਦੌਰ ਬੀਤ ਚੁੱਕਾ ਹੈ। ਬੁਰਜੂਆਜ਼ੀ ਦਾ ਕੋਈ ਵੀ ਹਿੱਸਾ ਹੁਣ ਇਨਕਲਾਬੀ ਨਹੀਂ ਰਹਿ ਗਿਆ ਹੈ। ਆਪਣੀ ਲੋੜ ਅਤੇ ਮਜਬੂਰੀ ਦੇ ਦਬਾਅ 'ਚ ਉਹ ਸਾਮਰਾਜਵਾਦੀਆਂ ਦੀ ਜੂਨੀਅਰ ਪਾਰਟਨਰ ਬਣ ਚੁੱਕੀ ਹੈ। ਇਨ੍ਹਾਂ ਦੇਸ਼ਾਂ ਵਿੱਚ ਭੂਮੀ ਸਬੰਧ ਵੀ ਬਦਲ ਚੁੱਕੇ ਹਨ। ਜਗੀਰੂ ਤੱਤਾਂ ਦੀ ਸਿਰਫ ਰਹਿੰਦ-ਖੂੰਹਦ ਹੀ ਬਾਕੀ ਹੈ। ਵੱਡੇ ਮਾਲਕ ਕਿਸਾਨ ਹੁਣ ਲੁੱਟ ਅਤੇ ਹਕੂਮਤ 'ਚ ਸਾਮਰਾਜਵਾਦੀਆਂ ਅਤੇ ਦੇਸੀ ਪੂੰਜੀਪਤੀਆਂ ਨਾਲ਼ ਛੋਟੇ ਹਿੱਸੇਦਾਰ ਬਣ ਚੁੱਕੇ ਹਨ। ਉਹ ਲੜ ਰਹੇ ਹਨ ਤਾਂ ਲੁੱਟ ਵਿੱਚ ਆਪਣਾ ਹਿੱਸਾ ਵਧਾਉਣ ਲਈ। ਉਨ੍ਹਾਂ ਦਾ ਸੰਕਟ ਲੁੱਟ ਦੇ ਛੋਟੇ ਹਿੱਸੇਦਾਰ ਦਾ ਸੰਕਟ ਹੈ। ਹੁਣ ਇਨ੍ਹਾਂ ਦੇਸ਼ਾਂ ਵਿੱਚ ਵੀ ਮੁਕਤੀ

ਦਾ ਪ੍ਰੋਗਰਾਮ ਇੱਕ ਸਮਾਜਵਾਦੀ ਪ੍ਰੋਗਰਾਮ ਹੀ ਹੋ ਸਕਦਾ ਹੈ।

ਨਾਲ਼ ਹੀ ਸਾਡਾ ਇਹ ਵੀ ਕਹਿਣਾ ਹੈ ਕਿ ਇਨ੍ਹਾਂ ਦੇਸ਼ਾਂ ਦੇ ਸਮਾਜਵਾਦੀ ਇਨਕਲਾਬ ਉਸ ਤਰ੍ਹਾਂ ਦੇ ਨਹੀਂ ਹੋਣਗੇ ਜਿਵੇਂ ਰੂਸ ਵਿੱਚ ਹੋਇਆ ਸੀ। ਇੱਥੇ ਪੂੰਜੀਵਾਦ ਦਾ ਵਿਕਾਸ ਰੂਸ ਤੋਂ ਵੱਖਰੇ ਢੰਗ ਨਾਲ਼ ਹੋਇਆ ਹੈ। ਇਸ ਭਿੰਨਤਾ ਦਾ ਇੱਕ ਮੂਲ ਕਾਰਨ ਬਸਤੀਵਾਦੀ ਅਤੀਤ ’ਚ ਹੈ ਅਤੇ ਦੂਜਾ ਮੂਲ ਕਾਰਨ ਇਹ ਹੈ ਕਿ ਅੱਜ ਦੀ ਦੁਨੀਆ 1917 ਦੇ ਸਮੇਂ ਤੋਂ ਕਾਫੀ ਵੱਖ ਹੈ। ਰੂਸ, ਵਿਕਸਿਤ ਪੱਛਮ ਅਤੇ ਪੱਛੜੇ ਪੂਰਬ ਦੇ ਜੋੜ ਬਿੰਦੂ ’ਤੇ ਖੜ੍ਹਾ ਦੇਸ਼ ਸੀ। ਦੂਜਾ ਪਹਿਲੀ ਸੰਸਾਰ ਜੰਗ ਕਾਰਨ ਵੀ ਉੱਥੇ ਅਪਵਾਦ ਵਜੋਂ, ਇਨਕਲਾਬ ਦੀਆਂ ਅਨੁਕੂਲ ਪ੍ਰਸਥਿਤੀਆਂ ਪੈਦਾ ਹੋ ਗਈਆਂ ਸਨ। ਤੀਜੇ, ਜ਼ਾਰਸ਼ਾਹੀ ਦੇ ਪਤਨ ਤੋਂ ਬਾਅਦ ਕਾਇਮ ਪੂੰਜੀਵਾਦੀ ਸੱਤ੍ਹਾ ਨਾ ਤਾਂ ਸਥਿਰ ਹੋ ਸਕੀ ਸੀ ਨਾ ਆਪਣੀਆਂ ਜੜ੍ਹਾਂ ਨੂੰ ਮਜ਼ਬੂਤ ਕਰ ਸਕੀ ਸੀ। ਉਸ ਦਾ ਸਮਾਜਿਕ ਆਧਾਰ ਵੀ ਕਾਫੀ ਸੀਮਤ ਸੀ। ਰੂਸ ’ਤੇ ਸਾਮਰਾਜਵਾਦੀ ਦਬਾਅ ਤਾਂ ਸੀ ਪਰ ਉੱਥੋਂ ਦੀ ਹਾਕਮ ਜਮਾਤ ਸਾਮਰਾਜਵਾਦ ਨਾਲ਼ ਉਵੇਂ ਨੱਥੀ ਨਹੀਂ ਸੀ ਜਿਵੇਂ ਅੱਜ ਭਾਰਤ ਦੇ ਪੂੰਜੀਵਾਦ ਦੀ ਸਥਿਤੀ ਹੈ। ਭਾਰਤ ਦੇ ਪੂੰਜੀਵਾਦ ਦਾ ਸਮਾਜਿਕ ਅਧਾਰ ਕਾਫੀ ਫੈਲਿਆ ਹੋਇਆ ਹੈ। ਧਨੀ ਕਿਸਾਨਾਂ ਅਤੇ ਨੌਕਰਸ਼ਾਹੀ ਤੰਤਰ ਨਾਲ਼ ਜੁੜੇ ਉੱਚ ਮੱਧ-ਵਰਗ ਅਤੇ ਹੋਰ ਪਰਜੀਵੀ ਵਰਗਾਂ ਦੇ ਰੂਪ ਵਿੱਚ ਉਸ ਦੇ ਸ਼ਕਤੀਸ਼ਾਲੀ ਸਮਾਜਿਕ ਥੰਮ੍ਹ ਮੌਜੂਦ ਹਨ। ਪੂੰਜੀਵਾਦੀ ਵਿਕਾਸ ਕਾਰਨ ਆਵਾਜਾਈ-ਸੰਚਾਰ ਤੰਤਰ ਕਾਫੀ ਵਿਕਸਿਤ ਹੈ ਅਤੇ ਰਾਜ ਸੱਤ੍ਹਾ ਦੀ ਪਕੜ ਦੂਰ-ਦੁਰਾਡੇ ਖੇਤਰਾਂ ਤੱਕ ਕਾਫੀ ਵਿਆਪਕ ਹੈ। ਇਹ ਸਿਰਫ ਰਾਜਧਾਨੀ ਅਤੇ ਵੱਡੇ ਸ਼ਹਿਰਾਂ ਤੱਕ ਸੁੰਗੜੀ ਸਿਮਟੀ ਨਹੀਂ ਹੈ। ਇਸ ਕਾਰਨ ਦਾਅ-ਪੇਚਾਂ ਅਤੇ ਭਾਵੀ ਇਨਕਲਾਬ ਦੇ ਰਾਹ ਨੂੰ ਲੈ ਕੇ, ਰੂਸ ਤੋਂ ਕਾਫੀ ਭਿੰਨਤਾਵਾਂ ਪੈਦਾ ਹੋ ਚੁੱਕੀਆਂ ਹਨ। ਇਹ ਵੱਖਰੇ ਰੂਪ ’ਚ ਵਿਸਥਾਰ ਸਹਿਤ ਚਰਚਾ ਦਾ ਵਿਸ਼ਾ ਹੈ, ਪਰ ਆਮ ਸਿੱਟੇ ਵਜੋਂ ਇਹ ਸਮਝਣਾ ਮੁਸ਼ਕਿਲ ਨਹੀਂ ਹੈ ਕਿ ਹੁਣ ਜੋ ਸਾਮਰਾਜਵਾਦ ਵਿਰੋਧੀ, ਪੂੰਜੀਵਾਦ ਵਿਰੋਧੀ, ਸਮਾਜਵਾਦੀ ਇਨਕਲਾਬ ਹੋਣਗੇ, ਉਹ ਨਵੀਂ ਕਿਸਮ ਦੇ ਸਮਾਜਵਾਦੀ ਇਨਕਲਾਬ ਹੋਣਗੇ।

****

ਇਨ੍ਹਾਂ ਬਦਲਾਵਾਂ ਨੂੰ ਨਜ਼ਰਅੰਦਾਜ਼ ਕਰਕੇ ਅਤੇ ਪਿਛਲੇ ਇਨਕਲਾਬਾਂ ਦੀ ਅੰਨ੍ਹੇਵਾਹ ਨਕਲ ਕਰਕੇ ਨਵੇਂ ਇਨਕਲਾਬਾਂ ਦੀ ਤਿਆਰੀ ਨਹੀਂ ਕੀਤੀ ਜਾ ਸਕਦੀ। ਅਤੀਤ ਦੇ ਇਨਕਲਾਬਾਂ ਦਾ ਅਧਿਐਨ ਕਰਕੇ ਉਨ੍ਹਾਂ ਨਾਲ਼ ਸਮਾਨਤਾ ਅਤੇ ਭਿੰਨਤਾ ਦੇ ਮੁੱਦਿਆਂ ਨੂੰ ਜਾਣਨਾ ਹੋਵੇਗਾ ਅਤੇ ਜ਼ਰੂਰੀ ਸਬਕ ਸਿੱਖਣੇ ਹੋਣਗੇ ਪਰ ਠੋਸ ਹਾਲਤਾਂ ਦਾ ਠੋਸ ਅਧਿਐਨ ਕਰਕੇ ਇਹ ਸਮਝਣਾ ਅੱਜ ਦਾ ਪਹਿਲਾ ਕੰਮ ਹੈ ਕਿ ਅੱਜ ਦੇ ਨਵੇਂ ਇਨਕਲਾਬਾਂ ਵਿਚ ਨਵਾਂ ਕੀ ਹੈ? ਇਨਕਲਾਬੀਆਂ ਦੀ ਨੌਜਵਾਨ ਪੀੜ੍ਹੀ ਨੂੰ ਨਵੇਂ ਰਾਹ ਬਣਾਉਣ ਦੀਆਂ ਚੁਣੌਤੀਆਂ ਨੂੰ ਕਬੂਲ ਕਰਨਾ ਹੀ ਪਵੇਗਾ। ਪੁਰਾਣੇ ਇਨਕਲਾਬਾਂ ਦੇ ਆਮ

ਸਿੱਟਿਆਂ ਨੂੰ ਕੁੱਝ ਫਾਰਮੂਲਿਆਂ ਵਾਂਗ ਅਪਣਾ ਕੇ ਕੁੱਝ ਰੁਟੀਨੀ ਕਸਰਤਾਂ ਕਰਦੇ ਰਹਿਣ ਦੀ ਪ੍ਰਵਿਰਤੀ ਨੂੰ, ਅਤੀਤ ਦੇ ਮਹਾਨ ਇਨਕਲਾਬਾਂ ਦੀ ਅੰਨ੍ਹੇਵਾਹ ਨਕਲ ਕਰਨ ਦੀ ਪ੍ਰਵਿਰਤੀ ਅੱਜ ਹਾਵੀ ਹੈ। ਇਹ ਇਨਕਲਾਬ ਦੇ ਵਿਗਿਆਨ ਨੂੰ ਸਮਝਣ ਅਤੇ ਵਿਕਸਿਤ ਕਰਨ ਤੋਂ ਘੇਸਲ ਮਾਰਨਾ ਹੈ ਅਤੇ ਸਿਰਫ ਇਨਕਲਾਬੀ ਆਸ਼ਾਵਾਦ ਅਤੇ ਉਤਸ਼ਾਹ ਦੇ ਸਹਾਰੇ ਇਨਕਲਾਬ ਕਰ ਲੈਣ ਦੇ ਭੁਲੇਖੇ ਵਿੱਚ ਜੀਣਾ ਹੈ।

ਇਸ ਲਈ ਅਸੀਂ ਜ਼ੋਰ ਦੇ ਕੇ ਇਹ ਕਹਿੰਦੇ ਹਾਂ ਕਿ ਉਮੀਦ ਨੂੰ ਸਿਰਫ ਇੱਕ ਭਾਵਨਾ ਦੇ ਰੂਪ ਵਿੱਚ ਜ਼ਿੰਦਾ ਰੱਖਣਾ ਕਾਫੀ ਨਹੀਂ ਹੈ। ਆਸ਼ਾਵਾਦ ਨੂੰ ਇੱਕ ਵਿਗਿਆਨਕ ਅਧਾਰ ਦੇਣਾ ਹੋਵੇਗਾ। ਜੜ੍ਹਤਾ ਤੋਂ ਬਚਣ ਲਈ ਇਨਕਲਾਬ ਦੇ ਵਿਗਿਆਨ ਨੂੰ ਸਮਝਣਾ ਹੋਵੇਗਾ ਅਤੇ ਆਪਣੀ ਵਿਗਿਆਨਕ ਸਮਝ ਦੇ ਸਹਾਰੇ ਆਪਣੇ ਸਮੇਂ-ਸਥਾਨ ਦੇ ਹਾਲਾਤਾਂ ਨੂੰ ਸਮਝ ਕੇ ਨਵੇਂ ਇਨਕਲਾਬਾਂ ਦਾ ਰਾਹ ਕੱਢਣਾ ਪਵੇਗਾ।

ਇਹ ਇਨਕਲਾਬੀਆਂ ਦੀ ਨੌਜਵਾਨ ਪੀੜ੍ਹੀ ਦਾ ਸਭ ਤੋਂ ਪਹਿਲਾ ਇਤਿਹਾਸਿਕ ਕੰਮ ਹੈ।

•••••

# ਵਿਦਿਆਰਥੀ ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ ?

ਜਿਹੜੇ ਨੌਜਵਾਨ ਇਸ ਮਨੁੱਖ ਦੋਖੀ ਪੂੰਜੀਵਾਦੀ ਢਾਂਚੇ ਨੂੰ ਮਨੁੱਖੀ ਇਤਿਹਾਸ ਦਾ ਆਖਰੀ ਪੜਾਅ, 'ਇਤਿਹਾਸ ਦਾ ਅੰਤ' ਨਹੀਂ ਮੰਨਦੇ ਜਿਨ੍ਹਾਂ ਨੇ ਪਿਛਾਖੜ ਦੀਆਂ ਵਹਿਸ਼ੀ ਤਾਕਤਾਂ ਦੀ ਮੌਜੂਦਾ ਜਿੱਤ ਨੂੰ ਆਪਣੀ ਕਿਸਮਤ ਦੇ ਰੂਪ ਵਿੱਚ ਪ੍ਰਵਾਨ ਨਹੀਂ ਕੀਤਾ ਹੈ, ਜਿਨ੍ਹਾਂ ਕੋਲ ਅਤੀਤ ਦੇ ਇਨਕਲਾਬੀ ਸੰਘਰਸ਼ਾਂ ਦੀਆਂ ਯਾਦਾਂ ਦੀ ਵਿਰਾਸਤ ਹੈ, ਉਹ ਲਾਜ਼ਮੀ ਹੀ ਭਵਿੱਖ ਦੇ ਸੁਪਨਿਆਂ ਨੂੰ ਮੁਕਤੀ ਦੀਆਂ ਨਵੀਆਂ ਪ੍ਰੀਯੋਜਨਾਵਾਂ ਵਿੱਚ ਢਾਲਣ ਲਈ ਅੱਗੇ ਆਉਣਗੇ।

*ਜਿੱਥੇ ਵੱਜ ਰਹੀ ਹੈ ਭਵਿੱਖ-ਸਿੰਫਨੀ*
*ਜਿੱਥੇ ਸੁਪਨ ਖੋਜੀ ਯਾਤਰਾਵਾਂ ਕਰ ਰਹੇ ਹਨ*
*ਜਿੱਥੇ ਢਾਲੀਆਂ ਜਾ ਰਹੀਆਂ ਹਨ*
*ਆਉਣ ਵਾਲ਼ੇ ਸਮੇਂ ਦੀਆਂ ਸਾਰਸੀ-ਪ੍ਰੀਯੋਜਨਾਵਾਂ*
*ਯਾਦਾਂ ਜਿੱਥੇ ਬਾਲਣ ਹਨ*
*ਲੁਹਾਰ ਦੀ ਭੱਠੀ ਦੇ ਕਾਲ਼ਜੇ ਵਿੱਚ ਭਰੀ*
*ਬੇਚੈਨ ਗਰਮ ਹਵਾ ਜਿੱਥੇ ਜ਼ਿੰਦਗੀ ਨੂੰ ਰਫ਼ਤਾਰ ਦੇ ਰਹੀ ਹੈ*
*ਤੂੰ ਉੱਥੇ ਪਹੁੰਚਣਾ ਹੈ*
*ਜੇਕਰ ਤੂੰ ਨੌਜਵਾਨ ਏਂ। **(ਸ਼ਸ਼ੀ ਪ੍ਰਕਾਸ਼)***

ਅਜਿਹੇ ਸਾਰੇ ਬਹਾਦਰ, ਇਨਸਾਫ਼ ਪਸੰਦ, ਖ਼ੁੱਦਾਰ, ਸੁਪਨਸ਼ੀਲ ਅਤੇ ਸੰਵੇਦਨਸ਼ੀਲ ਨੌਜਵਾਨਾਂ ਨੂੰ ਵਿਚਾਰ ਭਰਪੂਰ ਬਣਨ-ਇਨਕਲਾਬ ਦੇ ਵਿਗਿਆਨ ਨੂੰ ਸਮਝਣ ਦੀ ਪ੍ਰਕਿਰਿਆ ਵਿੱਚ ਸਭ ਤੋਂ ਪਹਿਲਾਂ ਇਤਿਹਾਸ ਦੀ ਇੱਕ ਬੁਨਿਆਦੀ ਸਿੱਖਿਆ ਨੂੰ ਆਤਮਸਾਤ ਕਰਨਾ ਹੋਵੇਗਾ ਅਤੇ ਉਹ ਇਹ ਹੈ ਕਿ ਕੇਵਲ ਬਹਾਦਰੀ ਅਤੇ ਕੁਰਬਾਨੀ ਦੇ ਜਜ਼ਬੇ ਦੇ ਸਹਾਰੇ ਥੋੜ੍ਹੇ ਜਿਹੇ ਨੌਜਵਾਨ ਇਨਕਲਾਬ ਨੂੰ ਅੰਜਾਮ ਨਹੀਂ ਦੇ ਸਕਦੇ। ਕਿਸੇ ਦੇਸ਼ ਦੇ ਨੌਜਵਾਨਾਂ ਦੀ ਬਹੁਗਿਣਤੀ ਵੀ ਜੇਕਰ ਵਿਦਰੋਹ ਲਈ ਉੱਠ ਖੜ੍ਹੀ ਹੋਵੇ ਤਾਂ ਵੀ ਇਨਕਲਾਬ ਦਾ ਟੀਚਾ ਹਾਸਲ ਨਹੀਂ ਕੀਤਾ ਜਾ ਸਕਦਾ। ਜਲਦੀ ਤੋਂ ਜਲਦੀ

ਇਨਕਲਾਬ ਕਰ ਦੇਣ ਦਾ ਰੁਮਾਨੀ ਖਿਆਲ ਅਕਸਰ ਬੇਚੈਨ-ਵਿਦਰੋਹੀ ਨੌਜਵਾਨ ਦਿਲਾਂ ਨੂੰ ਸਹਿਜੇ ਹੀ ਖਿੱਚ ਪਾਉਂਦਾ ਹੈ।

ਆਮ ਤੌਰ 'ਤੇ ਨੌਜਵਾਨ ਲਹਿਰ ਨੂੰ ਨਾਅਰੇਬਾਜ਼ੀ ਦੀ ਆਤਮਘਾਤੀ ਦਲਦਲ ਵਿੱਚ ਲਿਜਾ ਕੇ ਸੁੱਟ ਦਿੰਦਾ ਹੈ। ਚੰਗੀਆਂ ਨੀਅਤਾਂ ਅਤੇ ਪਵਿੱਤਰ ਭਾਵਨਾਵਾਂ ਦੇ ਬਾਵਜੂਦ ਇਹ ਨਾਅਰੇਬਾਜ਼ੀ ਵੀ ਨੌਜਵਾਨ ਲਹਿਰ ਲਈ ਓਨੀ ਹੀ ਨੁਕਸਾਨਦੇਹ ਹੈ, ਜਿੰਨਾ ਕਿ ਰਿਆਇਤਾਂ ਦੇ ਚੀਥੜਿਆਂ ਦੀ ਭੀਖ ਮੰਗਣ ਵਾਲ਼ਾ ਸੁਧਾਰਵਾਦ। ਇੱਕ ਸੱਚਾ ਇਨਕਲਾਬ ਹਮੇਸ਼ਾ ਲੋਕ-ਇਨਕਲਾਬ ਹੀ ਹੁੰਦਾ ਹੈ। ਬਹੁਗਿਣਤੀ ਮਿਹਨਤਕਸ਼ ਜਨਤਾ ਦੀ ਇਕਜੁੱਟ ਤਾਕਤ ਹੀ ਇਨਕਲਾਬ ਨੂੰ ਅੰਜਾਮ ਦੇ ਸਕਦੀ ਹੈ। ਪੂੰਜੀ ਦੀ ਸੱਤ੍ਹਾ ਦੀ ਸੁਰੱਖਿਆ ਵਿੱਚ ਤੈਨਾਤ ਮਾਰੂ ਤੋਂ ਮਾਰੂ ਹਥਿਆਰਾਂ ਨਾਲ਼ ਲੈਸ ਜੰਗੀ ਤਾਕਤ ਨੂੰ ਉਹ ਪ੍ਰਚੰਡ ਤੂਫ਼ਾਨ ਦੀ ਤਰ੍ਹਾਂ ਤਬਾਹ ਕਰ ਦਿੰਦੀ ਹੈ। ਇਤਿਹਾਸ ਦੀ ਉਸਾਰੀ ਨਾਇਕ ਨਹੀਂ ਸਗੋਂ ਉਹ ਆਮ ਜਨਤਾ ਕਰਦੀ ਹੈ ਜੋ ਕੁੱਲ ਸਮਾਜਿਕ ਦੌਲਤ ਅਤੇ ਸੱਭਿਆਚਾਰ ਦੀ ਉਸਾਰੀ ਕਰਦੀ ਹੈ। ਇਸ ਬੁਨਿਆਦੀ ਸੂਤਰ ਨੂੰ ਕਦੇ ਨਹੀਂ ਭੁੱਲਿਆ ਜਾਣਾ ਚਾਹੀਦਾ। ਨਾਇਕ ਜਮਾਂਦਰੂ ਨਹੀਂ ਹੁੰਦੇ। ਸੰਘਰਸ਼ ਦੇ ਨਿਰਮਾਣ ਦੀ ਲਗਾਤਾਰ ਪ੍ਰਕਿਰਿਆ ਵਿੱਚ ਜਨਤਾ ਦੇ ਅੰਦਰੋਂ ਜੋ ਹਿਰਾਵਲ ਕਤਾਰਾਂ ਉੱਭਰ ਕੇ ਆਉਂਦੀਆਂ ਹਨ ਉਨ੍ਹਾਂ ਵਿੱਚੋਂ ਕੁੱਝ ਲੋਕ ਇਨਕਲਾਬ ਦਾ ਪ੍ਰਤੀਕ ਚਿੰਨ੍ਹ ਬਣ ਜਾਂਦੇ ਹਨ।

ਸ਼ਹੀਦ ਇਨਕਲਾਬੀ ਵਿਚਾਰਕ ਭਗਤ ਸਿੰਘ ਨੇ ਵੀ ਆਪਣੇ ਸਮੇਂ ਤੱਕ ਦੇ ਭਾਰਤ ਦੀਆਂ ਇਨਕਲਾਬੀ ਲਹਿਰਾਂ ਦੇ ਇਤਿਹਾਸ ਅਤੇ ਆਪਣੀ ਪੀੜ੍ਹੀ ਦੇ ਤਜ਼ਰਬਿਆਂ ਤੋਂ ਵੀ ਇਹੀ ਸਿੱਟਾ ਕੱਢਿਆ ਸੀ ਕਿ ਥੋੜ੍ਹੇ ਜਿਹੇ ਇਨਕਲਾਬੀ ਨੌਜਵਾਨ ਜਨਤਾ ਨੂੰ ਚੇਤੰਨ ਅਤੇ ਇੱਕਜੁੱਟ ਕੀਤੇ ਬਿਨਾਂ ਖ਼ੁਦ ਹਥਿਆਰ ਚੁੱਕ ਕੇ ਇਨਕਲਾਬ ਨੂੰ ਸਫ਼ਲ ਨਹੀਂ ਬਣਾ ਸਕਦੇ। ਬੇਸ਼ੱਕ ਸਮਾਜ-ਪ੍ਰਬੰਧ ਦੀ ਤਬਦੀਲੀ ਵਿੱਚ ਤਾਕਤ ਦੀ ਭੂਮਿਕਾ ਦਾਈ ਦੀ ਹੁੰਦੀ ਹੈ, ਬਲ ਪ੍ਰਯੋਗ ਤੋਂ ਬਿਨਾਂ ਕਿਸੇ ਰਾਜਸੱਤ੍ਹਾ ਨੂੰ ਚਕਨਾਚੂਰ ਨਹੀਂ ਕੀਤਾ ਜਾ ਸਕਦਾ। ਪਰ ਅਜਿਹਾ ਬਲ ਪ੍ਰਯੋਗ ਸਿਰਫ਼ ਚੇਤਨ ਇਕਜੁੱਟ ਲੋਕ ਤਾਕਤ ਹੀ ਕਰ ਸਕਦੀ ਹੈ। ਉਸ ਲੋਕ ਤਾਕਤ ਨੂੰ ਚੇਤੰਨ-ਇਕਜੁੱਟ ਕਰਨ ਦੇ ਲਈ ਸਮਾਜ ਦੇ ਚੇਤੰਨ, ਅਗਵਾਨੂੰ ਤੱਤ ਲੋਕਾਂ ਵਿੱਚ ਜਾਂਦੇ ਹਨ, ਉਨ੍ਹਾਂ ਵਿੱਚ ਇਨਕਲਾਬੀ ਸਿਆਸੀ ਪ੍ਰਚਾਰ ਦੀ ਕਾਰਵਾਈ ਚਲਾਉਂਦੇ ਹਨ ਅਤੇ ਰੋਜ਼ਮੱਰਾ ਦੀਆਂ ਛੋਟੀਆਂ-ਛੋਟੀਆਂ ਮੰਗਾਂ ਨੂੰ ਲੈ ਕੇ ਉਨ੍ਹਾਂ ਨੂੰ ਇਕਜੁੱਟ ਹੋ ਕੇ ਸੰਘਰਸ਼ ਕਰਨਾ ਸਿਖਾਉਂਦੇ ਹਨ ਅਤੇ ਇਸ ਤੋਂ ਵੀ ਪਹਿਲਾਂ ਇਸ ਪ੍ਰਕਿਰਿਆ ਵਿੱਚ ਉਹ ਸਮਾਜ ਦਾ ਅਧਿਐਨ ਕਰਦੇ ਹਨ। ਆਪਣੀ ਸਮਝ ਨੂੰ ਪਰਖਦੇ ਅਤੇ ਪੁਖ਼ਤਾ ਬਣਾਉਂਦੇ ਹਨ, ਉਤਪਾਦਨ, ਰਾਜ-ਕਾਜ ਅਤੇ ਸਮਾਜ ਦੇ ਢਾਂਚੇ ਨੂੰ ਸਮਝਦੇ ਹੋਏ ਜਨਤਾ ਨੂੰ ਲੁੱਟ ਅਤੇ ਦਾਬੇ ਦੇ ਬੁਨਿਆਦੀ ਕਾਰਨਾਂ ਅਤੇ ਤੌਰ-ਤਰੀਕਿਆਂ ਤੋਂ ਜਾਣੂ ਕਰਵਾਉਂਦੇ ਹਨ। ਉਸ ਦੇ ਸਾਹਮਣੇ ਇੱਕ ਨਿਆਂ-ਪੂਰਨ ਅਤੇ ਬਰਾਬਰੀ ਵਾਲ਼ੇ ਬਦਲਵੇਂ ਸਮਾਜਿਕ ਢਾਂਚੇ ਦੀ ਭਰੋਸੇਯੋਗ ਅਤੇ ਅਮਲੀ ਤਸਵੀਰ ਪੇਸ਼

ਕਰਦੇ ਹਨ ਅਤੇ ਫਿਰ ਉਸ ਦੇ ਲਈ ਸੰਘਰਸ਼ ਕਰਨ ਵਾਸਤੇ ਲੋਕ-ਸਮੂਹਾਂ ਨੂੰ ਇਕਜੁੱਟ ਕਰਦੇ ਹਨ। ਇਸ ਪਿਛੋਕੜ ਵਿੱਚ ਉਸ ਮਹਾਨ ਸੁਨੇਹੇ ਦੀ ਮਹੱਤਤਾ ਸਹਿਜ ਹੀ ਸਮਝੀ ਜਾ ਸਕਦੀ ਹੈ ਜੋ ਪਚੰਤਰ ਸਾਲ ਪਹਿਲਾਂ ਫਾਂਸੀ ਦੀ ਕਾਲ਼ਕੋਠੜੀ ਤੋਂ ਭਗਤ ਸਿੰਘ ਨੇ ਇਸ ਦੇਸ਼ ਦੇ ਨੌਜਵਾਨਾਂ ਨੂੰ ਭੇਜਿਆ ਸੀ।

"ਨੌਜਵਾਨਾਂ ਨੇ ਇਨਕਲਾਬ ਦਾ ਇਹ ਸੁਨੇਹਾ ਦੇਸ਼ ਦੇ ਹਰ ਕੋਨੇ ਵਿੱਚ ਪਹੁੰਚਾਉਣਾ ਹੈ, ਫੈਕਟਰੀਆਂ-ਕਾਰਖਾਨਿਆਂ ਦੇ ਖੇਤਰਾਂ ਵਿਚ, ਗੰਦੀਆਂ ਬਸਤੀਆਂ ਅਤੇ ਪਿੰਡਾਂ ਦੇ ਜ਼ਰਜ਼ਰ ਝੌਂਪੜੀਆਂ ਵਿੱਚ ਰਹਿਣ ਵਾਲ਼ੇ ਕਰੋੜਾਂ ਲੋਕਾਂ ਵਿੱਚ ਇਸ ਇਨਕਲਾਬ ਦੀ ਅਲਖ ਜਗਾਉਣੀ ਹੈ, ਜਿਸ ਨਾਲ਼ ਇੱਕ ਮਨੁੱਖ ਹੱਥੋਂ ਦੂਜੇ ਮਨੁੱਖ ਦੀ ਲੁੱਟ ਅਸੰਭਵ ਬਣ ਜਾਵੇਗੀ।"

ਕੋਈ ਪੁੱਛ ਸਕਦਾ ਹੈ ਕਿ ਇਹ ਜ਼ਿੰਮੇਵਾਰੀ ਨੌਜਵਾਨਾਂ ਦੇ ਹੀ ਮੋਢਿਆਂ 'ਤੇ ਕਿਉਂ ? ਇਸ ਦਾ ਢੁੱਕਵਾਂ ਉੱਤਰ ਚੀਨੀ ਇਨਕਲਾਬ ਦੇ ਮਹਾਨ ਨੇਤਾ ਮਾਓ-ਜੇ-ਤੁੰਗ ਨੇ ਬਹੁਤ ਪਹਿਲਾਂ ਇਨ੍ਹਾਂ ਸ਼ਬਦਾਂ ਵਿੱਚ ਦੇ ਦਿੱਤਾ ਸੀ। "ਨੌਜਵਾਨ ਹੀ ਸਮਾਜ ਦੀ ਸਭ ਤੋਂ ਜ਼ਿਆਦਾ ਸਰਗਰਮ ਅਤੇ ਸਭ ਤੋਂ ਜ਼ਿਆਦਾ ਜਾਨਦਾਰ ਤਾਕਤ ਹੁੰਦੇ ਹਨ। ਉਨ੍ਹਾਂ ਵਿੱਚ ਸਿੱਖਣ ਦੀ ਸਭ ਤੋਂ ਤੀਬਰ ਇੱਛਾ ਹੁੰਦੀ ਹੈ ਅਤੇ ਉਨ੍ਹਾਂ ਦੇ ਵਿਚਾਰਾਂ ਵਿੱਚ ਰੂੜ੍ਹੀਵਾਦ ਦਾ ਪ੍ਰਭਾਵ ਸਭ ਤੋਂ ਘੱਟ ਹੁੰਦਾ ਹੈ"। ਵਿਦਿਆਰਥੀਆਂ ਨਾਲ਼ ਗੱਲਬਾਤ ਕਰਦੇ ਹੋਏ ਇੱਕ ਵਾਰ ਉਨ੍ਹਾਂ ਨੇ ਕਿਹਾ ਸੀ, "ਇਹ ਦੁਨੀਆ ਤੁਹਾਡੀ ਹੈ, ਸਾਡੀ ਵੀ ਹੈ ਪਰ ਆਖਿਰਕਾਰ ਇਹ ਤੁਹਾਡੀ ਹੀ ਹੋਵੇਗੀ ਤੁਸੀਂ ਨੌਜਵਾਨ ਤਾਜ਼ਗੀ ਅਤੇ ਜੀਵਨ ਸ਼ਕਤੀ ਨਾਲ਼ ਭਰਪੂਰ ਸਵੇਰੇ ਅੱਠ ਜਾਂ ਨੌਂ ਵਜੇ ਦੇ ਸੂਰਜ ਦੀ ਤਰ੍ਹਾਂ ਆਪਣੀ ਜ਼ਿੰਦਗੀ ਦੇ ਪੁਰਬਹਾਰ ਪੜਾਅ ਵਿੱਚ ਹੋ। ਸਾਡੀਆਂ ਉਮੀਦਾਂ ਤੁਹਾਡੇ 'ਤੇ ਲੱਗੀਆਂ ਹੋਈਆਂ ਹਨ"।

ਵਿਆਪਕ ਮਿਹਨਤਕਸ਼ ਜਨਤਾ ਦੋ ਡੰਗ ਦੀ ਰੋਟੀ ਅਤੇ ਮੁੱਢਲੀਆਂ ਜ਼ਰੂਰਤਾਂ ਦੇ ਲਈ ਦਿਨ ਰਾਤ ਹੱਡ-ਭੰਨਵੀਂ ਮਿਹਨਤ ਕਰਦੀ ਹੋਈ ਉਜਰਤੀ ਗੁਲਾਮੀ ਦੀ ਚੱਕੀ ਵਿੱਚ ਪਿਸਦੀ ਰਹਿੰਦੀ ਹੈ। ਸੱਭਿਆਚਾਰ ਅਤੇ ਇਤਿਹਾਸ ਦੇ ਗਿਆਨ ਤੋਂ ਵਾਂਝੇ ਰੱਖ ਕੇ, ਉਸ ਤੋਂ ਇਨਸਾਨੀ ਜ਼ਿੰਦਗੀ ਦੀਆਂ ਘੱਟ ਤੋਂ ਘੱਟ ਸ਼ਰਤਾਂ ਤੱਕ ਖੋਹ ਲਈਆਂ ਜਾਂਦੀਆਂ ਹਨ। ਹਾਲਾਤ ਵਿਰੁੱਧ ਵਿਦਰੋਹ ਕਰਕੇ ਉਸ ਦੀ ਚੇਤਨਾ ਵਾਰ-ਵਾਰ ਸਮਾਜਿਕ ਇਨਕਲਾਬ ਦੀ ਦਿਸ਼ਾ ਵਿੱਚ ਅੱਗੇ ਵੱਧਦੀ ਹੈ। ਪਰ ਸਮਾਜ ਅਤੇ ਇਤਿਹਾਸ ਦੇ ਅਧਿਐਨ ਅਤੇ ਇਨਕਲਾਬ ਦੇ ਵਿਗਿਆਨ ਦੀ ਸਮਝ ਤੋਂ ਬਿਨਾਂ ਇਨਕਲਾਬ ਨੂੰ ਜਥੇਬੰਦ ਨਹੀਂ ਕੀਤਾ ਜਾ ਸਕਦਾ। ਅਜਿਹੀ ਹਾਲਤ ਵਿੱਚ ਇਨਕਲਾਬੀ ਤਬਦੀਲੀ ਦੇ ਸਰੂਪ, ਤਰੀਕੇ ਅਤੇ ਰਸਤੇ ਤੋਂ ਉਨ੍ਹਾਂ ਨੂੰ ਜਾਣੂ ਕਰਵਾਉਣ ਦੀ ਜ਼ਿੰਮੇਵਾਰੀ ਉਨ੍ਹਾਂ ਥੋੜ੍ਹੇ ਜਿਹੇ ਸਿੱਖਿਅਤ ਨੌਜਵਾਨਾਂ ਦੇ ਮੋਢਿਆਂ ਉੱਪਰ ਹੀ ਹੁੰਦੀ ਜਿਹੜੇ ਗਿਆਨ ਅਤੇ ਸੱਭਿਆਚਾਰ ਦੀ ਵਿਰਾਸਤ ਦੇ ਨਾਲ਼ ਲੈੱਸ ਹੁੰਦੇ ਹਨ ਅਤੇ ਸੱਭਿਅਤਾ-ਸਮੀਖਿਆ

ਵਿੱਚ ਸਮਰੱਥ ਹੁੰਦੇ ਹਨ। ਨਿਸ਼ਚਿਤ ਹੀ ਉਹ ਸਿੱਖਿਅਤ ਨੌਜਵਾਨ ਇਸ ਕੰਮ ਨੂੰ ਅੰਜਾਮ ਨਹੀਂ ਦੇ ਸਕਦੇ ਜੋ ਮੂੰਹ ਵਿੱਚ ਚਾਂਦੀ ਦਾ ਚਮਚਾ ਲੈ ਕੇ ਪੈਦਾ ਹੋਏ ਹਨ ਅਤੇ ਜਿਨ੍ਹਾਂ ਦਾ 'ਸਵਰਗ' ਇਸੇ ਢਾਂਚੇ ਵਿੱਚ ਸੁਰੱਖਿਅਤ ਹੈ। ਪਰਜੀਵੀ ਲੋਟੂ ਜਮਾਤਾਂ ਵਿੱਚੋਂ ਅਪਵਾਦ ਦੇ ਤੌਰ 'ਤੇ ਹੀ ਅਜਿਹੇ ਸਾਹਸੀ ਨੌਜਵਾਨ ਆਉਣਗੇ ਜੋ ਆਪਣੀ ਜਮਾਤ ਨਾਲੋਂ ਖ਼ੁਦ ਨੂੰ ਤੋੜ ਕੇ ਲੁਟੀਂਦੀ ਜਨਤਾ ਦੀ ਮੁਕਤੀ ਪ੍ਰੀਯੋਜਨਾ ਨਾਲ਼ ਜੁੜਨਗੇ। ਇਹ ਜ਼ਿੰਮੇਵਾਰੀ ਹਰ ਹਾਲ ਵਿੱਚ ਆਮ ਜਨਤਾ ਦੇ ਬਹਾਦਰ ਅਤੇ ਵਿਵੇਕਸ਼ੀਲ ਸਪੂਤਾਂ ਦੀ ਹੀ ਹੋਵੇਗੀ।

ਅਜਿਹੇ ਇਨਕਲਾਬੀ ਵਿਚਾਰਾਂ-ਭਾਵਨਾਵਾਂ ਵਾਲ਼ੇ ਨੌਜਵਾਨ ਆਮ ਜਨਤਾ ਦੇ ਵਿੱਚ ਇਨਕਲਾਬ ਦਾ ਸੁਨੇਹਾ ਮਹਿਜ ਪ੍ਰਚਾਰਕ ਜਾਂ ਉਪਦੇਸ਼ਕ ਦੇ ਰੂਪ ਵਿੱਚ ਨਹੀਂ ਲੈ ਕੇ ਜਾਣਗੇ। ਜਨਤਾ ਦਾ ਹਿਰਾਵਲ ਬਣਨ ਦੇ ਲਈ ਉਨ੍ਹਾਂ ਨੂੰ 'ਜਨਤਾ ਦਾ ਆਦਮੀ' ਬਣਨਾ ਹੋਵੇਗਾ। ਉਸ ਦੇ ਜੀਵਨ ਅਤੇ ਸੰਘਰਸ਼ਾਂ ਦੇ ਨਾਲ਼ ਇੱਕ ਰੂਪ ਹੋ ਜਾਣਾ ਹੋਵੇਗਾ। ਉਸ ਨੂੰ ਸਿਖਾਉਣ ਤੋਂ ਪਹਿਲਾਂ ਉਸ ਤੋਂ ਸਿੱਖਣਾ ਹੋਵੇਗਾ। ਇਨਕਲਾਬ ਦੇ ਬਾਰੇ ਵਿੱਚ ਸਿਰਫ਼ ਕਿਤਾਬੀ ਜਾਣਕਾਰੀ ਦੇ ਆਸਰੇ ਹੀ ਉਹ ਅਮਲੀ ਕਾਰਵਾਈਆਂ ਦੇ ਸਮਰੱਥ ਨਹੀਂ ਬਣ ਸਕਦੇ। ਸਿਰਫ਼ ਗਿਆਨ-ਜਗਤ ਵਿੱਚ ਪ੍ਰਤੀਬਿੰਬਤ ਜੀਵਨ ਤੋਂ ਹੀ ਨਹੀਂ ਬਲਕਿ ਉਨ੍ਹਾਂ ਨੂੰ ਸਿੱਧੇ ਜੀਵਨ ਤੋਂ ਵੀ ਸਿੱਖਣਾ ਹੋਵੇਗਾ। ਉਦੋਂ ਹੀ ਉਹ ਅਸਲ ਵਿੱਚ ਇਨਕਲਾਬੀ ਨੌਜਵਾਨ ਬਣ ਸਕਣਗੇ। 'ਨੌਜਵਾਨ ਲਹਿਰ ਦੀ ਦਿਸ਼ਾ' ਨਾਮਕ ਆਪਣੇ ਪ੍ਰਸਿੱਧ ਲੇਖ ਵਿੱਚ ਮਾਓ-ਜੇ-ਤੁੰਗ ਨੇ ਲਿਖਿਆ ਹੈ, "ਕੋਈ ਨੌਜਵਾਨ ਇਨਕਲਾਬੀ ਹੈ ਜਾਂ ਨਹੀਂ, ਇਹ ਜਾਣਨ ਲਈ ਕਸੌਟੀ ਕੀ ਹੈ ? ਉਸ ਨੂੰ ਕਿਵੇਂ ਪਛਾਣਿਆ ਜਾਵੇ ? ਇਸ ਦੀ ਕਸੌਟੀ ਕੇਵਲ ਇੱਕ ਹੈ ਯਾਨੀ ਇਹ ਦੇਖਣਾ ਚਾਹੀਦਾ ਹੈ ਕਿ ਉਹ ਵਿਆਪਕ ਮਜ਼ਦੂਰ-ਕਿਸਾਨ ਮਿਹਨਤਕਸ਼ ਜਨਤਾ ਦੇ ਨਾਲ ਇੱਕਰੂਪ ਹੋ ਜਾਣਾ ਚਾਹੁੰਦਾ ਹੈ ਜਾਂ ਨਹੀਂ ਅਤੇ ਇਸ ਗੱਲ 'ਤੇ ਅਮਲ ਕਰਦਾ ਹੈ ਜਾਂ ਨਹੀਂ ? ਇਨਕਲਾਬੀ ਉਹ ਹੈ ਜੋ ਮਜ਼ਦੂਰਾਂ ਅਤੇ ਕਿਸਾਨਾਂ ਦੇ ਨਾਲ਼ ਇੱਕਰੂਪ ਹੋ ਜਾਣਾ ਚਾਹੁੰਦਾ ਹੋਵੇ, ਅਤੇ ਆਪਣੇ ਅਮਲ ਵਿੱਚ ਮਜ਼ਦੂਰਾਂ ਅਤੇ ਕਿਸਾਨਾਂ ਦੇ ਨਾਲ਼ ਇੱਕਰੂਪ ਹੋ ਜਾਂਦਾ ਹੋਵੇ। ਨਹੀਂ ਤਾਂ ਉਹ ਇਨਕਲਾਬੀ ਨਹੀਂ ਹੈ ਜਾਂ ਉਲਟ ਇਨਕਲਾਬੀ ਹੈ।" ਨਿਸ਼ਚਿਤ ਹੀ ਕਿਸਾਨਾਂ ਤੋਂ ਮਤਲਬ ਅੱਜ ਦੀ ਸਥਿਤੀ ਵਿੱਚ ਪੂੰਜੀਵਾਦੀ ਲੁੱਟ-ਮਾਰ ਦੇ ਸ਼ਿਕਾਰ ਛੋਟੇ ਕਿਸਾਨਾਂ ਤੋਂ ਹੀ ਹੋ ਸਕਦਾ ਹੈ। ਖ਼ੁਦ ਮਿਹਨਤਕਸ਼ ਜਨਤਾ ਦੀ ਲੁੱਟ ਕਰਨ ਵਾਲ਼ੇ ਮੁਨਾਫ਼ਾਖੋਰ ਖੁਸ਼ਹਾਲ ਮਾਲਕ ਕਿਸਾਨਾਂ ਤੋਂ ਨਹੀਂ।

ਨਿਚੋੜ ਇਹ ਹੈ ਕਿ ਸਭ ਤੋਂ ਪਹਿਲਾਂ ਇਨਕਲਾਬੀ ਨੌਜਵਾਨਾਂ ਨੂੰ ਕੁੱਲ ਸਮਾਜਿਕ ਸੰਪੱਤੀ ਦੇ ਉਤਪਾਦਕ ਕਿਰਤੀ ਜਮਾਤਾਂ ਦੇ ਨਾਲ਼ ਇੱਕਰੂਪ ਹੋਣਾ ਹੋਵੇਗਾ, ਉਨ੍ਹਾਂ ਦੇ ਵਿੱਚ ਜਾਣਾ ਹੋਵੇਗਾ, ਸੁਧਾਰ ਦੀਆਂ ਬਹੁਭਾਂਤੀਆਂ ਕਾਰਵਾਈਆਂ ਦੇ ਜ਼ਰੀਏ ਸੱਚੇ ਦਿਲ ਨਾਲ਼ ਉਨ੍ਹਾਂ ਦੀ ਸੇਵਾ ਕਰਨੀ ਹੋਵੇਗੀ, ਮਾਨਸਿਕ ਕਿਰਤ ਅਤੇ ਸਰੀਰਕ ਕਿਰਤ

ਦੀ ਸਮਾਜਿਕ ਵੰਡ ਵਿੱਚੋਂ ਜਨਮੇਂ ਬੁੱਧੀਜੀਵੀਆਂ ਦੇ ਸਾਰੇ ਵਿਸ਼ੇਸ਼ ਅਧਿਕਾਰਾਂ ਅਤੇ ਉੱਤਮ ਹੋਣ ਦੀ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਤਿਆਗਣਾ ਹੋਵੇਗਾ। ਉਦੋਂ ਹੀ ਆਮ ਲੋਕ ਉਨ੍ਹਾਂ ਨੂੰ ਆਪਣਾ ਸਮਝ ਕੇ ਉਨ੍ਹਾਂ 'ਤੇ ਭਰੋਸਾ ਕਰਨਗੇ, ਦਿਲ ਤੋਂ ਉਨ੍ਹਾਂ ਦੀਆਂ ਗੱਲਾਂ ਨੂੰ ਸੁਣਨਗੇ ਅਤੇ ਉਨ੍ਹਾਂ'ਤੇ ਅਮਲ ਕਰਨਗੇ ਅਤੇ ਇਨਕਲਾਬੀ ਨੌਜਵਾਨ ਵੀ ਕੇਵਲ ਉਦੋਂ ਹੀ ਅਮਲੀ ਇਨਕਲਾਬੀ ਬਣ ਸਕਣਗੇ, ਸਮਾਜਿਕ ਜੀਵਨ ਦੀਆਂ ਸਾਰੀਆਂ ਵਿਰੋਧਤਾਈਆਂ ਨੂੰ ਸਮਝ ਸਕਣਗੇ ਅਤੇ ਇਨਕਲਾਬੀ ਸੰਘਰਸ਼ ਦੀ ਤਿਆਰੀ ਅਤੇ ਤਰੱਕੀ ਵਿੱਚ ਕਾਮਯਾਬ ਹੋ ਸਕਣਗੇ।

ਨਾਲ਼ ਹੀ ਜਨਤਾ ਦਾ ਵਿਸ਼ਵਾਸ ਜਿੱਤਣ ਅਤੇ ਇਨਕਲਾਬ ਦੇ ਵਿਗਿਆਨ ਨੂੰ ਅਮਲੀ ਰੂਪ ਵਿੱਚ ਸਮਝਣ ਲਈ ਇਹ ਵੀ ਜ਼ਰੂਰੀ ਹੈ ਕਿ ਇਨਕਲਾਬੀ ਨੌਜਵਾਨ ਆਪਣੇ ਆਦਰਸ਼ਾਂ ਨੂੰ ਖ਼ੁਦ ਆਪਣੇ ਜੀਵਨ ਵਿੱਚ ਲਾਗੂ ਕਰਦੇ ਹੋਣ। ਜਿਵੇਂ ਸਰੀਰਕ ਕਿਰਤ ਨੂੰ ਨੀਵੀਂ ਕਰਕੇ ਦੇਖਣ ਦੀ ਮਾਨਸਿਕਤਾ ਤੋਂ ਪੂਰੀ ਤਰ੍ਹਾਂ ਮੁਕਤ ਹੋਣ ਦੇ ਨਾਲ਼ ਹੀ ਉਨ੍ਹਾਂ ਨੂੰ ਜਾਤੀਗਤ ਵਿਤਕਰੇ ਦੀ ਮਾਨਸਿਕਤਾ ਤੇ ਅੰਧ-ਵਿਸ਼ਵਾਸ਼ਾਂ ਅਤੇ ਧਰਮ ਵਿੱਚ ਅੰਨ੍ਹੇ ਵਿਸ਼ਵਾਸ਼ ਤੋਂ, ਮਰਦ ਪ੍ਰਧਾਨ ਮਾਨਸਿਕਤਾ ਅਤੇ ਕੁੱਲ ਸਮਾਜਿਕ ਕੁਰੀਤੀਆਂ ਅਤੇ ਰੂੜ੍ਹੀਆਂ ਤੋਂ ਰਾਈ, ਰਾਈ—ਰੱਤੀ-ਰੱਤੀ ਮੁਕਤ ਹੋਣਾ ਹੋਵੇਗਾ। ਉਦੋਂ ਹੀ ਉਹ ਇਨਕਲਾਬ ਦੇ ਰਾਹ ਦੀਆਂ ਇਨ੍ਹਾਂ ਸਮਾਜਿਕ-ਸੱਭਿਆਚਾਰਕ ਰੁਕਾਵਟਾਂ ਦੇ ਖਿਲਾਫ਼ ਲਗਾਤਾਰ ਸੰਘਰਸ਼ ਚਲਾ ਸਕਣਗੇ ਅਤੇ ਵਿਆਪਕ ਲੋਕ-ਇੱਕਜੁੱਟਤਾ ਕਾਇਮ ਕਰ ਸਕਣਗੇ ਜੋ ਸਮਾਜਿਕ ਤਬਦੀਲੀ ਦੇ ਲਈ ਜਨਤਾ ਦੀ ਜੁਝਾਰੂ ਲਾਮਬੰਦੀ ਦੀ ਬੁਨਿਆਦੀ ਸ਼ਰਤ ਹੈ।

ਜਿਸ ਨੂੰ ਆਮ ਤੌਰ 'ਤੇ ਸੁਧਾਰ ਦੀ ਕਾਰਵਾਈ ਕਿਹਾ ਜਾਂਦਾ ਹੈ ਉਸ ਦੇ ਬਾਰੇ ਵਿੱਚ ਵੀ ਆਪਣਾ ਨਜ਼ਰੀਆ ਸਾਫ਼ ਕਰ ਲੈਣਾ ਇੱਕ ਇਨਕਲਾਬੀ ਵਿਦਿਆਰਥੀ ਨੌਜਵਾਨ ਲਹਿਰ ਨੂੰ ਮੁੜ ਖੜ੍ਹਾ ਕਰਨ ਦੇ ਲਈ ਬੇਹੱਦ ਜ਼ਰੂਰੀ ਹੈ। ਜਨਤਾ ਦੀਆਂ ਜੀਵਨ ਹਾਲਤਾਂ ਵਿੱਚ ਸੁਧਾਰ ਅਤੇ ਇਸੇ ਸਮਾਜਿਕ-ਆਰਥਿਕ ਢਾਂਚੇ ਦੇ ਅੰਦਰ ਉਸ ਦੇ ਲਈ ਕੁੱਝ ਸਹੂਲਤਾਂ ਹਾਸਲ ਕਰ ਲੈਣਾ ਜੇਕਰ ਸਾਡਾ ਅੰਤਮ ਟੀਚਾ ਹੋਵੇ ਤਾਂ ਇਹ ਸੁਧਾਰਵਾਦ ਹੋਵੇਗਾ। ਇਸ ਦਾ ਮਤਲਬ ਹੋਵੇਗਾ ਇਸ ਲੋਟੂ ਢਾਂਚੇ ਨੂੰ ਕਾਇਮ ਰੱਖਦੇ ਹੋਏ ਉਸ ਦੇ ਨੰਗੇ ਜੁਲਮਾਂ ਵਿੱਚ ਕੁੱਝ ਕਮੀਂ ਲਿਆਉਣਾ ਅਤੇ ਇਸ ਪ੍ਰਬੰਧ ਦੀ ਉਮਰ ਲੰਬੀ ਬਣਾਉਣਾ।

ਇਸ ਦਾ ਮਤਲਬ ਹੋਵੇਗਾ ਪੂੰਜੀਵਾਦ ਦੇ ਦਾਮਨ 'ਤੇ ਲੱਗੇ ਖ਼ੂਨ ਦੇ ਧੱਬਿਆਂ ਨੂੰ ਸਾਫ਼ ਕਰਨਾ। ਇਸ ਦਾ ਮਤਲਬ ਹੋਵੇਗਾ ਜਨਤਾ ਨੂੰ ਇਹ ਦੱਸਣਾ ਕਿ ਲੀਰਾਂ ਜੋੜ-ਜੋੜ ਕੇ ਪੂਰੀ ਕਮੀਜ਼ ਤਿਆਰ ਕੀਤੀ ਜਾ ਸਕਦੀ ਹੈ। ਯਾਨੀ ਇਹ ਦੱਸਣਾ ਕਿ ਰਿਆਇਤਾਂ ਦੀਆਂ ਛੋਟੀਆਂ-ਛੋਟੀਆਂ ਲੜਾਈਆਂ ਅਤੇ ਸੁਧਾਰਾਂ ਨਾਲ਼ ਜ਼ਿੰਦਗੀ ਨੂੰ ਜੀਊਣ ਜੋਗਾ ਬਣਾ ਕੇ ਗੁਜ਼ਾਰਾ ਕਰ ਲਵੋ ਕਿਉਂਕਿ ਇੰਨਾ ਹੀ ਸੰਭਵ ਹੈ ਅਤੇ

ਇਨਕਲਾਬ ਅਸੰਭਵ ਜਾਂ ਅਵਿਵਹਾਰਿਕ ਹੈ। ਇਸ ਦਾ ਮਤਲਬ ਹੋਵੇਗਾ ਜਨਤਾ ਵਿੱਚ ਇਹ ਭੁਲੇਖਾ ਖੜ੍ਹਾ ਕਰਨਾ ਕਿ ਹਾਕਮ ਜਮਾਤਾਂ ਨੂੰ ਸਮਝਾ-ਬੁਝਾ ਕੇ ਜਾਂ ਕੁੱਝ ਦਬਾਅ ਦੇ ਕੇ ਹੌਲੀ-ਹੌਲੀ ਆਪਣਾ ਹੱਕ ਹਾਸਲ ਕੀਤਾ ਜਾ ਸਕਦਾ ਹੈ ਜਾਂ ਸ਼ਾਂਤਮਈ ਢੰਗ ਨਾਲ਼ ਉਨ੍ਹਾਂ ਦਾ ਦਿਲ ਬਦਲ ਕੇ ਜਾਂ ਉਨ੍ਹਾਂ ਨੂੰ ਕੀਲ ਕੇ ਪ੍ਰਬੰਧ ਵੀ ਬਦਲਿਆ ਜਾ ਸਕਦਾ ਹੈ। ਇਸ ਲਈ ਤਾਕਤ ਦੇ ਜ਼ੋਰ ਨਾਲ਼ ਤਬਦੀਲੀ ਜਾਂ ਇਨਕਲਾਬ ਦੀਆਂ "ਔਕੜਾਂ" ਸਹੇੜਣ ਦੀ ਕੋਈ ਲੋੜ ਨਹੀਂ ਹੈ। ਜਮਾਤੀ-ਲੁੱਟ ਵਾਲ਼ੇ ਸਮਾਜਾਂ ਵਿੱਚ ਅਤੇ ਖਾਸ ਕਰ ਪੂੰਜੀਵਾਦੀ ਸਮਾਜ ਵਿੱਚ ਸੁਧਾਰਵਾਦ ਹਮੇਸ਼ਾ ਹੀ ਅਨੇਕਾਂ ਰੂਪਾਂ ਵਿੱਚ ਮੌਜੂਦ ਰਿਹਾ ਹੈ ਅਤੇ ਨਵੇਂ-ਨਵੇਂ ਰੂਪਾਂ ਵਿੱਚ ਸਾਹਮਣੇ ਆਉਂਦਾ ਰਿਹਾ ਹੈ। ਇਹ ਲੋਕ-ਰੋਹ ਦੇ ਦਬਾਅ ਨੂੰ ਘੱਟ ਕਰਨ ਵਾਲ਼ੇ 'ਸੇਫਟੀ ਵਾਲਵ' ਦੀ, ਪ੍ਰਬੰਧ ਦੀ ਦੂਜੀ ਸੁਰੱਖਿਆ ਕਤਾਰ ਦੀ ਅਤੇ ਜਨਤਾ ਲਈ 'ਧੋਖੇ ਦੀ ਟੱਟੀ' ਦੀ ਭੂਮਿਕਾ ਨਿਭਾਉਂਦਾ ਰਿਹਾ ਹੈ। ਇਨਕਲਾਬੀ ਰਸਤੇ ਨੂੰ ਛੱਡ ਚੁੱਕੀਆਂ ਭਾਰਤ ਦੀਆਂ ਸਾਰੀਆਂ ਵੋਟ-ਬਟੋਰੂ ਖੱਬੇ ਪੱਖੀ ਪਾਰਟੀਆਂ ਵੀ ਸੁਧਾਰਵਾਦ 'ਤੇ ਹੀ ਅਮਲ ਕਰਦੀਆਂ ਹਨ ਅਤੇ ਅੱਜ ਪੂਰੇ ਦੇਸ਼ ਵਿੱਚ ਸਰਗਰਮ ਐਨ. ਜੀ. ਓ. ਸੁਧਾਰਵਾਦੀ ਰਾਜਨੀਤੀ ਦੇ ਸਭ ਤੋਂ ਨਵੇਂ ਅਤੇ ਪ੍ਰਭਾਵਸ਼ਾਲੀ ਸੰਦ ਹਨ।

ਪਰ ਜੋ ਨੌਜਵਾਨ ਪੂੰਜੀਵਾਦ ਅਤੇ ਸਾਮਰਾਜਵਾਦ ਦੇ ਖਿਲਾਫ਼ ਵਿਆਪਕ ਜਨਤਾ ਨੂੰ ਇੱਕ ਫੈਸਲਾਕੁੰਨ ਇਨਕਲਾਬੀ ਸੰਘਰਸ਼ ਦੇ ਲਈ ਇਕਜੁੱਟ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਵੀ ਇਨਕਲਾਬੀ ਸਿਆਸੀ ਪ੍ਰਚਾਰ ਅਤੇ ਸਿੱਖਿਆ ਦੇ ਨਾਲ਼-ਨਾਲ਼ ਨਾ ਕੇਵਲ ਨਿੱਤ-ਦਿਨ ਦੀ ਜ਼ਿੰਦਗੀ ਦੀਆਂ ਛੋਟੀਆਂ-ਛੋਟੀਆਂ ਮੰਗਾਂ ਨੂੰ ਲੈ ਕੇ ਲੋਕ ਸੰਘਰਸ਼ ਜਥੇਬੰਦ ਕਰਨੇ ਹੋਣਗੇ ਸਗੋਂ ਅਨੇਕਾਂ ਪੱਧਰਾਂ 'ਤੇ ਸੁਧਾਰ ਦੀਆਂ ਕਾਰਵਾਈਆਂ ਵੀ ਜਥੇਬੰਦ ਕਰਨੀਆਂ ਹੋਣਗੀਆਂ। ਜੇਕਰ ਇਨਕਲਾਬੀ ਤਬਦੀਲੀ ਦਾ ਟੀਚਾ ਅਤੇ ਇੱਕ ਸੁਨਿਸ਼ਚਿਤ ਕਾਰਜ-ਯੋਜਨਾ ਸਾਡੇ ਕੋਲ ਹੋਵੇ ਤਾਂ ਵਿਆਪਕ ਅਬਾਦੀ ਨਾਲ਼ ਇਕਜੁੱਟਤਾ ਬਣਾਉਣ, ਉਸ ਦੀ ਚੇਤਨਾ ਨੂੰ ਜੁਝਾਰੂ ਬਣਾਉਣ ਅਤੇ ਉਸ ਨੂੰ ਜਾਗ੍ਰਿਤ, ਲਾਮਬੰਦ ਅਤੇ ਜਥੇਬੰਦ ਕਰਨ ਦੇ ਉਦੇਸ਼ ਨਾਲ਼ ਜਥੇਬੰਦ ਸੁਧਾਰ ਦੀਆਂ ਕਾਰਵਾਈਆਂ ਅਤੇ ਅਧਿਕਾਰਾਂ ਦੀਆਂ ਛੋਟੀਆਂ-ਛੋਟੀਆਂ ਲੜਾਈਆਂ ਇੱਕ ਲੰਬੇ ਇਨਕਲਾਬੀ ਸੰਘਰਸ਼ ਦੀਆਂ ਕੜੀਆਂ ਬਣ ਜਾਂਦੀਆਂ ਹਨ। ਅਜਿਹੇ ਤੌਰ-ਤਰੀਕੇ ਨੌਜਵਾਨਾਂ ਨੂੰ ਇਹ ਮੌਕਾ ਦਿੰਦੇ ਹਨ ਕਿ ਉਹ ਆਮ ਜਨਤਾ ਦੀ ਜ਼ਿੰਦਗੀ ਦੇ ਨੇੜੇ ਜਾਣ, ਉਸ ਨਾਲ਼ ਇੱਕਰੂਪ ਹੋ ਜਾਣ ਅਤੇ ਉਸ ਦਾ ਵਿਸ਼ਵਾਸ ਜਿੱਤਣ। ਇਸ ਦੌਰਾਨ ਨੌਜਵਾਨਾਂ ਨੂੰ ਸਮਾਜ ਦੇ ਅਧਿਐਨ ਅਤੇ ਜਾਂਚ ਪੜਤਾਲ ਦਾ ਵੀ ਮੌਕਾ ਮਿਲਦਾ ਹੈ। ਕਹਿਣ ਦੀ ਲੋੜ ਨਹੀਂ ਹੈ ਕਿ ਚੀਜਾਂ ਨੂੰ ਬਦਲਣ ਦੇ ਲਈ ਚੀਜ਼ਾਂ ਨੂੰ ਸਮਝਣਾ ਜ਼ਰੂਰੀ ਹੁੰਦਾ ਹੈ।

ਕੁੱਝ ਠੋਸ ਉਦਾਹਰਣਾਂ ਲਈਏ। ਕਿਸੇ ਵੀ ਪ੍ਰਬੰਧ ਵਿੱਚ ਸਿੱਖਿਆ ਅਤੇ ਸੱਭਿਆਚਾਰ ਦਾ ਢਾਂਚਾ ਇਸ ਗੱਲ ਤੋਂ ਤੈਅ ਹੁੰਦਾ ਹੈ ਕਿ ਸਿਆਸੀ-ਸਮਾਜਿਕ ਢਾਂਚੇ ਦਾ ਖਾਸਾ ਕੀ

ਹੈ ਅਤੇ ਰਾਜ-ਸੱਤ੍ਹਾ ਕਿਸ ਜਮਾਤ ਦੇ ਹੱਥਾਂ ਵਿੱਚ ਹੈ? ਸਾਰੇ ਜਮਾਤੀ-ਸਮਾਜਾਂ ਵਿੱਚ ਹਾਕਮ ਜਮਾਤਾਂ ਦੀ ਸਿੱਖਿਆ, ਸੱਭਿਆਚਾਰ ਹੀ ਸਮਾਜ 'ਤੇ ਹਾਵੀ ਹੁੰਦੀ ਹੈ। ਸਿੱਖਿਆ-ਸੱਭਿਆਚਾਰ ਦੇ ਢਾਂਚੇ ਨੂੰ ਫੈਸਲਾਕੁੰਨ ਤੌਰ 'ਤੇ ਉਦੋਂ ਹੀ ਬਦਲਿਆ ਜਾ ਸਕਦਾ ਹੈ ਜਦ ਰਾਜ-ਭਾਗ ਦੀ ਵਾਗਡੋਰ ਅਸਲ ਵਿੱਚ ਜਨਤਾ ਦੇ ਹੱਥਾਂ ਵਿੱਚ ਆ ਜਾਵੇ। ਪਰ ਸਮਾਜਿਕ ਇਨਕਲਾਬ ਦੀ ਤਿਆਰੀ ਦੇ ਦੌਰਾਨ ਵੀ ਅਸੀਂ ਸਿੱਖਿਆ ਅਤੇ ਸੱਭਿਆਚਾਰ ਦੇ ਬਦਲਵੇਂ ਅਦਾਰੇ ਜਥੇਬੰਦ ਕਰਦੇ ਹਾਂ ਅਤੇ ਜਨਤਾ ਦੀ ਚੇਤਨਾ ਦਾ ਇਨਕਲਾਬੀਕਰਨ ਲਈ ਉਨ੍ਹਾਂ ਦੀ ਵਰਤੋਂ ਕਰਦੇ ਹਾਂ। ਮਿਸਾਲ ਦੇ ਤੌਰ 'ਤੇ ਇਨਕਲਾਬੀ ਵਿਦਿਆਰਥੀ ਅਤੇ ਨੌਜਵਾਨ ਜਥੇਬੰਦੀਆਂ ਨੂੰ ਜਾਤੀਗਤ-ਸਮਾਜਿਕ-ਧਾਰਮਿਕ-ਰੂੜ੍ਹੀਵਾਦੀ ਅਤੇ ਅੰਧ-ਵਿਸ਼ਵਾਸਾਂ ਦੇ ਖਿਲਾਫ਼ ਨੌਜਵਾਨ ਦੇ ਨਾਲ਼-ਨਾਲ਼ ਵਿਆਪਕ ਆਮ ਅਬਾਦੀ ਦੀ ਵੀ ਚੇਤਨਾ ਜਾਗ੍ਰਿਤ ਕਰਨ ਦੇ ਲਈ ਅਧਿਐਨ-ਮੰਡਲਾਂ, ਰਾਤ ਸਮੇਂ ਚੱਲਣ ਵਾਲ਼ੇ ਸਕੂਲਾਂ, ਲਾਇਬ੍ਰੇਰੀਆਂ, ਨਾਟਕ ਅਤੇ ਸੰਗੀਤ ਆਦਿ-ਆਦਿ ਟੀਮਾਂ ਦਾ ਗਠਨ ਕਰਨਾ ਹੋਵੇਗਾ। ਅਜਿਹਾ ਕਰਕੇ ਉਹ ਨਿਸ਼ਚੇ ਹੀ ਪੂੰਜੀਵਾਦੀ ਸਿੱਖਿਆ ਅਤੇ ਸੰਚਾਰ ਮਾਧਿਅਮਾਂ ਨੂੰ ਬਰਾਬਰ ਦੀ ਟੱਕਰ ਤਾਂ ਨਹੀਂ ਦੇ ਸਕਦੇ, ਪਰ ਅਜਿਹੇ ਜਥੇਬੰਦ ਯਤਨਾਂ ਦੁਆਰਾ ਉਹ ਰੂੜ੍ਹੀਆਂ ਅਤੇ ਅੰਧ-ਵਿਸ਼ਵਾਸਾਂ ਦੀ ਦਿਮਾਗੀ ਗੁਲਾਮੀ ਤੋਂ ਆਮ ਜਨਤਾ ਅਤੇ ਨੌਜਵਾਨਾਂ ਦੇ ਜਿੰਨੇ ਵੱਡੇ ਹਿੱਸੇ ਨੂੰ ਅਤੇ ਜਿਸ ਹੱਦ ਤੱਕ ਮੁਕਤ ਕਰ ਸਕਣਗੇ, ਉਸੇ ਹੱਦ ਤੱਕ ਇਨਕਲਾਬ ਦੀਆਂ ਸਫ਼ਾਂ ਵਿੱਚ ਨੌਜਵਾਨਾਂ ਦੀ ਭਰਤੀ ਦੀਆਂ ਸੰਭਾਵਨਾਵਾਂ ਵੱਧ ਜਾਣਗੀਆਂ ਅਤੇ ਆਮ ਜਨਤਾ ਦੀ ਪਹਿਲਕਦਮੀ ਅਤੇ ਸਿਰਜਣਾਤਮਿਕਤਾ ਵੀ ਮੁਕਤ ਹੁੰਦੀ ਜਾਵੇਗੀ। ਮੰਨ ਲਓ ਕਿ ਇਨਕਲਾਬੀ ਨੌਜਵਾਨਾਂ ਦੀ ਕੋਈ ਜਥੇਬੰਦੀ ਮਜ਼ਦੂਰਾਂ ਦੀ ਕਿਸੇ ਬਸਤੀ ਵਿੱਚ ਕੋਈ ਮੈਡੀਕਲ ਕੈਂਪ ਲਗਾਉਣ ਦਾ ਪ੍ਰਬੰਧ ਕਰਦੀ ਹੈ ਤਾਂ ਉਹ ਜਨਤਾ ਦੀ ਸੇਵਾ ਕਰਨ ਅਤੇ ਉਨ੍ਹਾਂ ਦਾ ਵਿਸ਼ਵਾਸ ਜਿੱਤਣ ਦੇ ਨਾਲ਼ ਹੀ ਉਨ੍ਹਾਂ ਦੇ ਵਿਚਕਾਰ ਇਹ ਪ੍ਰਚਾਰ ਵੀ ਕਰਦੀ ਹੈ ਕਿ ਮੁਫ਼ਤ ਸਿਹਤ ਸਹੂਲਤਾਂ ਆਮ ਜਨਤਾ ਦਾ ਇੱਕ ਮੁੱਢਲਾ ਅਧਿਕਾਰ ਹਨ ਅਤੇ ਇਹ ਬਾਜ਼ਾਰ ਵਿੱਚ ਵਿਕਣ ਵਾਲ਼ਾ ਮਾਲ਼ ਨਹੀਂ ਹੈ। ਇੱਥੋਂ ਇਸ ਮੁੱਢਲੇ ਅਧਿਕਾਰ ਦੇ ਲਈ ਸੰਘਰਸ਼ ਦੀ ਤਿਆਰੀ ਸ਼ੁਰੂ ਹੋ ਜਾਂਦੀ ਹੈ। ਮੰਨ ਲਓ ਕਿ ਅਜਿਹੀ ਕੋਈ ਨੌਜਵਾਨਾਂ ਦੀ ਜਥੇਬੰਦੀ ਲੋਕਾਂ ਦੀ ਪਹਿਲਕਦਮੀ ਨੂੰ ਜਾਗ੍ਰਿਤ ਕਰਕੇ ਕਿਸੇ ਬਸਤੀ ਜਾਂ ਪਿੰਡ ਵਿੱਚ ਸਫ਼ਾਈ ਮੁਹਿੰਮ, ਸੜਕ-ਮੁਰੰਮਤ, ਪੁਲ-ਨਿਰਮਾਣ ਜਿਹਾ ਕੋਈ ਕੰਮ ਹੱਥ ਵਿੱਚ ਲੈਂਦੀ ਹੈ ਤਾਂ ਉਹ ਜਨਤਾ ਨੂੰ ਵੀ ਇਸ ਗੱਲ ਦੇ ਲਈ ਤਿਆਰ ਕਰਦੀ ਹੈ ਕਿ ਉਹ ਸਰਕਾਰ ਅਤੇ ਲੋਕ-ਪ੍ਰਤੀਨਿਧਾਂ ਨੂੰ ਕਟਹਿਰੇ ਵਿੱਚ ਖੜ੍ਹਾ ਕਰੇ ਅਤੇ ਆਪਣੀਆਂ ਇਨ੍ਹਾਂ ਮੰਗਾਂ ਨੂੰ ਲੈ ਕੇ ਸੰਘਰਸ਼ ਲਈ ਤਿਆਰ ਹੋਵੇ। ਅਜਿਹੇ ਅਣਗਿਣਤ ਯਤਨਾਂ ਦੀਆਂ ਕੜੀਆਂ ਜਦ ਜੁੜਦੀਆਂ ਚਲੀਆਂ ਜਾਂਦੀਆਂ ਹਨ ਤਾਂ ਜਨਤਾ ਖੁਦ ਆਪਣੀ ਜਥੇਬੰਦ ਤਾਕਤ ਅਤੇ ਸਿਰਜਣਾਤਮਿਕਤਾ ਤੋਂ ਜਾਣੂੰ ਹੋ ਕੇ ਅੱਗੇ ਵੱਧਦੀ ਹੈ। ਉਸ ਵਿੱਚ ਫੈਸਲੇ ਲੈਣ ਦਾ ਆਤਮ ਵਿਸ਼ਵਾਸ ਪੈਦਾ ਹੁੰਦਾ ਹੈ।

(ਜੋ ਬਾਅਦ ਵਿੱਚ ਅੱਗੇ ਚੱਲ ਕੇ ਰਾਜ-ਭਾਗ ਚਲਾਉਣ ਦਾ ਆਤਮ ਵਿਸ਼ਵਾਸ ਬਣ ਜਾਂਦਾ ਹੈ) ਅਤੇ ਇਸ ਪ੍ਰਕਿਰਿਆ ਵਿੱਚ ਜਗ੍ਹਾ-ਜਗ੍ਹਾ ਭਰੂਣ ਰੂਪ ਵਿੱਚ ਬਦਲਵੀਂ ਲੋਕ ਸੱਤ੍ਹਾ ਦੇ ਪਲੇਟਫਾਰਮ ਉੱਭਰਨ ਲੱਗਦੇ ਹਨ। ਨੌਜਵਾਨਾਂ ਨੂੰ ਇਹ ਗੱਲ ਭੁੱਲਣੀ ਨਹੀਂ ਚਾਹੀਦੀ ਕਿ ਇਨਕਲਾਬੀ ਤਬਦੀਲੀ ਦਾ ਸੰਘਰਸ਼ ਲੋਟੂ ਤੇ ਲੁਟੀਂਦੀਆਂ ਜਮਾਤਾਂ ਵਿਚਕਾਰ ਦੀ ਜਮਾਤੀ ਲੜਾਈ ਹੈ ਅਤੇ ਜਿਸ ਵਿੱਚ ਸਿਰਫ ਕੱਲੀਆਂ-ਕਾਰੀਆਂ ਝੜੱਪਾਂ ਅਤੇ ਘੁਮੰਡੂ ਯੁੱਧਾਂ ਨਾਲ਼ ਫੈਸਲਾ ਨਹੀਂ ਹੋਵੇਗਾ। ਫੈਸਲਾ ਭਾਵੇਂ ਆਖਿਰਕਾਰ ਵਿਆਪਕ ਲੋਕ ਬਗ਼ਾਵਤ ਦੇ ਬਿਜਲਈ ਵਾਰ ਦੁਆਰਾ ਪੂੰਜੀਵਾਦੀ ਰਾਜ ਸੱਤ੍ਹਾ ਦੇ ਕਿਲ੍ਹੇ ਨੂੰ ਤਬਾਹ ਕਰਨ ਰਾਹੀਂ ਹੀ ਹੋਵੇਗਾ। ਪਰ ਉਸ ਪੜਾਅ ਤੱਕ ਪਹੁੰਚਣ ਦੀ ਪ੍ਰਕਿਰਿਆ ਕੁੱਝ ਅਜਿਹੀ ਹੋਵੇਗੀ ਮੰਨੋ ਦੋ ਪੱਖ ਕਿਸੇ ਯੁੱਧ ਵਿੱਚ ਪੁਜੀਸ਼ਨਾਂ ਲੈ ਕੇ ਲੰਮੇ ਸਮੇਂ ਤੱਕ ਲੜਾਈ ਵਿੱਚ ਰੁੱਝੇ ਹੋਣ। ਇਸ ਦੇ ਲਈ ਲੋਕ ਲਹਿਰਾਂ ਅਤੇ ਜਨਤਾ ਦੇ ਵਿਚਕਾਰ ਇਨਕਲਾਬੀ ਪ੍ਰਚਾਰ ਦੇ ਨਾਲ਼-ਨਾਲ਼ ਲੋਕਾਂ ਦੀ ਪਹਿਲਕਦਮੀ ਅਤੇ ਲੋਕਾਂ ਦੀ ਸਿਰਜਣਾਤਮਿਕਤਾ ਨੂੰ ਜਗਾ ਕੇ ਅਜਿਹੀਆਂ ਸੰਸਥਾਵਾਂ ਅਤੇ ਅਜਿਹੇ ਅਦਾਰੇ ਖੜ੍ਹੇ ਕਰਨੇ ਹੋਣਗੇ ਜੋ ਉਸਾਰੀ ਅਧੀਨ 'ਲੋਕ ਕਿਲ੍ਹੇ' ਦੇ ਬੁਰਜਾਂ ਅਤੇ ਮੋਰਚਿਆਂ ਦੀ ਭੂਮਿਕਾ ਨਿਭਾਉਣ। ਉਦੋਂ ਹੀ ਵਿਆਪਕ ਲੋਕ ਸਮੂਹਾਂ ਅੰਦਰ ਇਹ ਭਰੋਸਾ ਪੈਦਾ ਹੋਵੇਗਾ ਕਿ ਇੱਕ ਅਜਿਹੇ ਪ੍ਰਬੰਧ ਦੀ ਉਸਾਰੀ ਸੰਭਵ ਹੈ ਜਿਸ ਵਿੱਚ ਪੈਦਾਵਾਰ, ਰਾਜ-ਕਾਜ ਅਤੇ ਸਮਾਜ ਦੇ ਢਾਂਚੇ ਉੱਪਰ ਪੈਦਾਵਾਰ ਕਰਨ ਵਾਲ਼ਿਆਂ ਦਾ ਕੰਟਰੋਲ ਹੋਵੇਗਾ ਅਤੇ ਫੈਸਲਾ ਲੈਣ ਦੀ ਤਾਕਤ ਉਨ੍ਹਾਂ ਦੇ ਹੱਥਾਂ ਵਿੱਚ ਹੋਵੇਗੀ।

ਬੇਸ਼ੱਕ '**ਸਭ ਦੇ ਲਈ ਸਮਾਨ ਸਿੱਖਿਆ ਅਤੇ ਸਾਰਿਆਂ ਦੇ ਲਈ ਰੁਜ਼ਗਾਰ ਦੇ ਸਮਾਨ ਮੌਕੇ**' ਦਾ ਨਾਅਰਾ ਹੀ ਇਨਕਲਾਬੀ ਵਿਦਿਆਰਥੀ ਨੌਜਵਾਨ ਲਹਿਰ ਦਾ ਕੇਂਦਰੀ ਨਾਅਰਾ ਹੋ ਸਕਦਾ ਹੈ। ਉਦੋਂ ਪੁੱਛਿਆ ਜਾ ਸਕਦਾ ਹੈ ਇਸ ਦੀ ਬਜਾਏ ਅਸੀਂ ਸਭ ਤੋਂ ਪਹਿਲਾਂ ਅਤੇ ਸਭ ਤੋਂ ਵਿਸਥਾਰ ਨਾਲ਼ ਇਸ ਗੱਲ ਦੀ ਚਰਚਾ ਕਿਉਂ ਕੀਤੀ ਹੈ ਕਿ ਨੌਜਵਾਨਾਂ ਨੂੰ ਵਿਆਪਕ ਮਿਹਨਤਕਸ਼ ਅਬਾਦੀ ਦੇ ਵਿਚਕਾਰ ਜਾ ਕੇ ਘੁਲ਼-ਮਿਲ ਜਾਣਾ ਚਾਹੀਦਾ ਹੈ। ਇਨਕਲਾਬੀ ਪ੍ਰਚਾਰ ਦੀ ਕਾਰਵਾਈ ਕਰਨੀ ਚਾਹੀਦੀ ਹੈ, ਕੁੱਝ ਰਚਨਾਤਮਕ ਪ੍ਰੋਗਰਾਮ ਚਲਾਉਣੇ ਚਾਹੀਦੇ ਹਨ... ਆਦਿ-ਆਦਿ।

ਇਸ ਦਾ ਇੱਕ ਸਿੱਧਾ ਜਿਹਾ ਉੱਤਰ ਇਹ ਦਿੱਤਾ ਜਾ ਸਕਦਾ ਹੈ ਕਿ ਭਗਤ ਸਿੰਘ ਦੇ ਉੱਪਰ ਨੋਟ ਕੀਤੇ ਕਥਨ ਨੂੰ ਅਸੀਂ ਅੱਜ ਦੀਆਂ ਹਾਲਤਾਂ ਵਿੱਚ, ਜਦੋਂ ਇਨਕਲਾਬ ਦੀ ਲਹਿਰ 'ਤੇ ਹਾਵੀ ਉਲਟ ਇਨਕਲਾਬ ਦੀ ਲਹਿਰ ਨੂੰ ਪਿੱਛੇ ਧੱਕ ਕੇ ਇਨਸਾਨੀਅਤ ਦੀ ਰੂਹ ਦੇ ਵਿੱਚ ਹਰਕਤ ਪੈਦਾ ਕਰਨ ਦੇ ਲਈ ਇੱਕ ਨਵੀਂ ਸ਼ੁਰੂਆਤ ਦੀ ਲੋੜ ਹੈ, ਇੱਕਦਮ ਢੁਕਵਾਂ ਅਤੇ ਪ੍ਰਸੰਗਿਕ ਮੰਨਦੇ ਹਾਂ ਕਿ ਨੌਜਵਾਨਾਂ ਨੂੰ ਇਨਕਲਾਬ ਦਾ ਸੁਨੇਹਾ ਲੈ ਕਲ-ਕਾਰਖਾਨਿਆਂ, ਗੰਦੀਆਂ ਬਸਤੀਆਂ ਅਤੇ ਪਿੰਡਾਂ ਦੀਆਂ ਜ਼ਰਜ਼ਰ ਝੌਂਪੜੀਆਂ ਤੱਕ ਜਾਣਾ ਹੋਵੇਗਾ। ਇਹ ਨੌਜਵਾਨਾਂ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ।

ਉੱਨਤ ਚੇਤਨਾ ਵਾਲ਼ੇ ਇਨਕਲਾਬੀ ਨੌਜਵਾਨਾਂ ਦੇ ਉੱਪਰ ਇਹ ਜ਼ਿੰਮੇਵਾਰੀ ਹੈ ਕਿ ਉਹ ਮਿਹਨਤਕਸ਼ ਜਨਤਾ ਦੇ ਸੰਘਰਸ਼ਾਂ ਨੂੰ ਇਨਕਲਾਬ ਦੇ ਵਿਗਿਆਨ ਨਾਲ਼ ਲੈੱਸ ਕਰਨ ਅਤੇ ਅਜਿਹਾ ਉਹ ਉਦੋਂ ਹੀ ਕਰ ਸਕਦੇ ਹਨ, ਜਦੋਂ ਜਨਤਾ ਦੇ ਵਿਚਕਾਰ ਜਾ ਕੇ ਉਹ ਅੰਦੋਲਨਾਤਮਕ ਅਤੇ ਰਚਨਾਤਮਕ ਕੰਮਾਂ ਵਿੱਚ ਹਿੱਸੇਦਾਰੀ ਕਰਨ। ਉਨ੍ਹਾਂ ਦੇ ਜੀਵਨ ਨਾਲ਼ ਇੱਕ-ਰੂਪ ਹੋ ਜਾਣ ਅਤੇ ਖ਼ੁਦ ਜੀਵਨ ਅਤੇ ਇਨਕਲਾਬ ਦੀ ਅਮਲੀ ਸਿੱਖਿਆ ਲੈਂਦੇ ਹੋਏ ਆਪਣੀ ਸ਼ਖ਼ਸੀਅਤ ਨੂੰ ਬਦਲਣ।

ਸਿੱਖਿਆ ਅਤੇ ਰੁਜ਼ਗਾਰ ਦੇ ਸਵਾਲ ’ਤੇ ਨੌਜਵਾਨਾਂ ਦਾ ਸੰਘਰਸ਼ ਸਮਾਜ ਦੇ ਦੂਸਰੇ ਸੰਘਰਸ਼ਾਂ ਨਾਲ਼ੋਂ ਅਲੱਗ-ਥਲੱਗ ਨਹੀਂ ਹੈ। ਬਲਕਿ ਅਵੰਡ ਢੰਗ ਨਾਲ਼ ਜੁੜਿਆ ਹੋਇਆ ਹੈ। ਰਾਜਨੀਤਕ ਅਰਥ ਸ਼ਾਸਤਰ ਦੀ ਨਜ਼ਰ ਤੋਂ ਦੇਖੀਏ ਤਾਂ ਬੇਰੁਜ਼ਗਾਰੀ ਇੱਕ ਅਜਿਹਾ ਵਰਤਾਰਾ ਹੈ ਜੋ ਪੂੰਜੀਵਾਦੀ ਪ੍ਰਬੰਧ ਵਿੱਚ ਜ਼ਰੂਰ ਹੀ ਮੌਜੂਦ ਰਹਿੰਦਾ ਹੈ ਅਤੇ ਪ੍ਰਬੰਧ ਦਾ ਸੰਕਟ ਵੱਧਣ ਦੇ ਨਾਲ਼ ਹੀ ਖੁਦ ਇੱਕ ਲਾ-ਇਲਾਜ ਗੰਭੀਰ ਸੰਕਟ ਬਣ ਜਾਂਦਾ ਹੈ। ਇਸੇ ਤਰ੍ਹਾਂ ਹੈਸੀਅਤ ਦੇ ਹਿਸਾਬ ਨਾਲ਼ ਵੰਡੀ ਹੋਈ ਅਸਮਾਨ ਸਿੱਖਿਆ ਅਤੇ ਬਾਜ਼ਾਰ ਵਿੱਚ ਉਸ ਦੀ ਵਿਕਾਊ ਮਾਲ ਜਿਹੀ ਹਾਲਤ ਵੀ ਬਾਹਰਮੁਖੀ ਤੌਰ ’ਤੇ ਪੂੰਜੀਵਾਦ ਦਾ ਇੱਕ ਬੁਨਿਆਦੀ ਲੱਛਣ ਹੈ। ਯਾਨੀ ਸਭ ਦੇ ਲਈ ਸਮਾਨ ਸਿੱਖਿਆ ਅਤੇ ਰੁਜ਼ਗਾਰ ਦੇ ਸਮਾਨ ਮੌਕਿਆਂ ਦੇ ਲਈ ਸੰਘਰਸ਼ ਪੂੰਜੀਵਾਦ ਦੇ ਇੱਕ ਆਮ ਬੁਨਿਆਦੀ ਰੁਝਾਨ ਦੇ ਖਿਲਾਫ਼ ਸੰਘਰਸ਼ ਨਾਲ਼ ਜੁੜ ਕੇ, ਉਸ ਦਾ ਅੰਗ ਬਣ ਕੇ ਹੀ, ਇਹ ਸਾਰਥਕ ਤੇ ਸਫ਼ਲ ਹੋ ਸਕਦਾ ਹੈ। ਨਹੀਂ ਤਾਂ ਸੁਧਾਰਵਾਦ ਦੀਆਂ ਅੰਨ੍ਹੀਆਂ ਚੱਕਰਦਾਰ ਗਲੀਆਂ ਵਿੱਚ ਗੁੰਮ ਹੋ ਜਾਣਾ ਹੀ ਇਸ ਦੀ ਹੋਣੀ ਹੋਵੇਗਾ।

ਇਸ ਲਈ ‘**ਸਭ ਲਈ ਸਮਾਨ ਸਿੱਖਿਆ ਅਤੇ ਸਾਰਿਆਂ ਦੇ ਲਈ ਰੁਜ਼ਗਾਰ ਦੇ ਸਮਾਨ ਮੌਕੇ**’ ਦੇ ਲਈ ਵਿਦਿਆਰਥੀਆਂ-ਨੌਜਵਾਨਾਂ ਦੀ ਵਿਆਪਕ ਅਬਾਦੀ ਨੂੰ ਜਥੇਬੰਦ ਕਰਨ ਦੇ ਨਾਲ਼ ਹੀ ਇਹ ਕੰਮ ਵੀ ਇਨਕਲਾਬੀ ਨੌਜਵਾਨਾਂ ਦੀਆਂ ਅਗਵਾਨੂੰ ਕਤਾਰਾਂ ਦਾ ਹੀ ਹੈ ਕਿ ਉਹ ਪੂੰਜੀ ਦੁਆਰਾ ਸੜਕਾਂ ’ਤੇ ਧੱਕੀ ਜਾਣ ਵਾਲ਼ੇ ਅਤੇ ਦਰ-ਬਦਰ ਕੀਤੇ ਜਾਣ ਵਾਲ਼ੇ ਅਤੇ ਉਜਰਤੀ ਗੁਲਾਮੀ ਦੀ ਚੱਕੀ ਵਿੱਚ ਦਿਨ-ਰਾਤ ਪਿਸ ਰਹੇ ਮਿਹਨਤਕਸ਼ ਲੋਕ ਸਮੂਹ ਤੱਕ ਜਾਣ, ਉਨ੍ਹਾਂ ਦੇ ਸੰਘਰਸ਼ਾਂ ਵਿੱਚ ਹਿੱਸੇਦਾਰੀ ਕਰਨ, ਆਪਣਾ ਜਮਾਤੀ ਰੂਪਾਂਤਰਣ ਕਰਕੇ ਸੰਘਰਸ਼ ਦੇ ਮੁੱਢਲੇ ਪੜਾਵਾਂ ਵਿੱਚ ਉਸ ਦੇ ਹਿਰਾਵਲ ਦੀ ਭੂਮਿਕਾ ਨਿਭਾਉਣ, ਉਨ੍ਹਾਂ ਨੂੰ ਇਨਕਲਾਬ ਦੇ ਵਿਗਿਆਨ ਤੋਂ ਜਾਣੂ ਕਰਵਾਉਣ ਅਤੇ ਫਿਰ ਉਨ੍ਹਾਂ ਵਿੱਚੋਂ ਇਨਕਲਾਬ ਦੇ ਲਈ ਹਿਰਾਵਲ ਦਸਤੇ ਪੈਦਾ ਕਰਨ ਵਿੱਚ ਆਪਣੀ ਭੂਮਿਕਾ ਨਿਭਾਉਣ। ਨਾਲ਼ ਹੀ ਇਹ ਵੀ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਸਿੱਖਿਆ ਅਤੇ ਰੁਜ਼ਗਾਰ ਦੇ ਸਵਾਲ ਨੂੰ ਲੈ ਕੇ ਜੂਝ ਰਹੀ ਅਤੇ ਸੰਘਰਸ਼ਸ਼ੀਲ ਵਿਆਪਕ ਵਿਦਿਆਰਥੀ-ਨੌਜਵਾਨ ਅਬਾਦੀ ਨੂੰ ਇਹ ਦੱਸਣ ਕਿ ਆਪਣੇ ਸੰਘਰਸ਼ ਨੂੰ ਵਿਆਪਕ ਮਿਹਨਤਕਸ਼ ਜਨਤਾ ਦੇ ਪੂੰਜੀਵਾਦ-ਸਾਮਰਾਜਵਾਦ ਵਿਰੁੱਧ ਸੰਘਰਸ਼ ਨਾਲ਼

ਜੋੜੇ ਬਿਨਾਂ ਉਹ ਕੁੱਝ ਮੁਕਤੀ ਰਾਹਤਾਂ-ਰਿਆਇਤਾਂ ਭਾਵੇਂ ਹਾਸਲ ਕਰ ਲੈਣ ਪਰ ਆਪਣੇ ਮਕਸਦ ਵਿੱਚ ਕਾਮਯਾਬ ਬਿਲਕੁੱਲ ਨਹੀਂ ਹੋ ਸਕਦੇ। ਇਸ ਲਈ ਉਨ੍ਹਾਂ ਨੂੰ ਨਾ ਕੇਵਲ ਆਮ ਅਬਾਦੀ ਦੇ ਇਨਕਲਾਬੀ ਸੰਘਰਸ਼ ਨਾਲ਼ ਜੁੜਨਾ ਹੋਵੇਗਾ, ਬਲਕਿ ਉਸ ਨੂੰ ਨਵੇਂ ਸਿਰੇ ਤੋਂ ਜਥੇਬੰਦ ਕਰਨ ਅਤੇ ਅੱਗੇ ਵਧਾਉਣ ਵਿੱਚ ਵੀ ਆਪਣੀ ਭੂਮਿਕਾ ਨਿਭਾਉਣੀ ਹੋਵੇਗੀ। ਇੱਕ ਨਵੀਂ ਸ਼ੁਰੂਆਤ ਉਦੋਂ ਹੀ ਹੋ ਸਕੇਗੀ ਜਦੋਂ ਵਿਦਿਆਰਥੀ-ਨੌਜਵਾਨ ਲਹਿਰ ਆਮ ਲੋਕਾਂ ਦੀਆਂ ਸਾਰੀਆਂ ਜਮਾਤਾਂ ਦੇ ਸੰਘਰਸਾਂ ਦੇ ਲਈ ਇੱਕ ਇਨਕਲਾਬੀ ਭਰਤੀ ਕੇਂਦਰ ਬਣ ਜਾਵੇ। ਇਨਕਲਾਬੀ ਵਿਦਿਆਰਥੀ-ਨੌਜਵਾਨ ਲਹਿਰ ਦਾ ਇਹ ਪੱਖ ਅੱਜ ਉਸ ਦਾ ਸਭ ਤੋਂ ਮਹੱਤਵਪੂਰਨ ਪੱਖ ਹੈ।

ਸੋਚਣ ਦੀ ਗੱਲ ਹੈ ਕਿ ਵਿਦਿਆਰਥੀਆਂ ਅਤੇ ਨੌਜਵਾਨਾਂ ਦੀਆਂ ਸਾਰੀਆਂ ਹੀ ਜਥੇਬੰਦੀਆਂ ਸਮਾਨ ਸਿੱਖਿਆ ਅਤੇ ਸਭ ਨੂੰ ਰੁਜ਼ਗਾਰ ਦੇ ਅਧਿਕਾਰ ਨੂੰ ਲੈ ਕੇ ਲੜਨ ਦੀਆਂ ਗੱਲਾਂ ਕਰਦੀਆਂ ਹਨ ਫਿਰ ਇਨ੍ਹਾਂ ਮੰਗਾਂ ਤੇ ਕੋਈ ਵਿਦਿਆਰਥੀ ਨੌਜਵਾਨ ਲਹਿਰ ਜਥੇਬੰਦ ਕਿਉਂ ਨਹੀਂ ਹੋ ਪਾਉਂਦੀ। ਇਨ੍ਹਾਂ ਨਾਅਰਿਆਂ ਦਾ ਜ਼ਬਾਨੀ ਜਮ੍ਹਾ ਖਰਚ ਕਰਨ ਵਾਲ਼ੀਆਂ ਬਹੁਤੀਆਂ ਵਿਦਿਆਰਥੀ ਜਥੇਬੰਦੀਆਂ ਇਸ ਜਾਂ ਉਸ ਪੂੰਜੀਵਾਦੀ ਵੋਟ-ਬਟੋਰੂ ਪਾਰਟੀ ਦੀਆਂ ਪਿਛਲੱਗੂ ਹਨ। ਉਹ ਵਿਦਿਆਰਥੀਆਂ ਨੂੰ ਭਰਮਾਉਣ ਲਈ ਅਜਿਹੇ ਨਾਅਰੇ ਉਛਾਲਦੀਆਂ ਹਨ। ਆਪਣੀ ਸਾਖ ਬਚਾਉਣ ਦੇ ਲਈ ਕਦੇ-ਕਦਾਈ ਕੁੱਝ ਸੰਘਰਸ਼ਾਂ ਦੀ ਰਸਮੀ ਕਸਰਤ ਕਰਦੀਆਂ ਹਨ ਅਤੇ ਕਦੇ-ਕਦਾਈਂ ਕੁੱਝ ਰਿਆਇਤਾਂ ਹਾਸਲ ਵੀ ਹੋ ਜਾਣ ਤਾਂ ਉਹ ਕਿਸੇ ਪਾਰਟੀ-ਵਿਸ਼ੇਸ਼ ਜਾਂ ਉਸ ਸਮੇਂ ਰਾਜ ਕਰ ਰਹੀ ਸਰਕਾਰ ਦੀ ਸਾਖ ਵਧਾਉਣ ਦੇ ਕੰਮ ਆਉਂਦੀਆਂ ਹਨ। ਅਜਿਹੀਆਂ ਵਿਦਿਆਰਥੀ-ਨੌਜਵਾਨ ਜਥੇਬੰਦੀਆਂ ਸੰਘਰਸ਼ ਨੂੰ ਵਿਆਪਕ ਮਿਹਨਤਕਸ਼ ਜਨਤਾ ਦੇ ਸੰਘਰਸ਼ ਦੀ ਕੜੀ ਬਣਾ ਹੀ ਨਹੀਂ ਸਕਦੀਆਂ। ਇਹ ਉਨ੍ਹਾਂ ਦਾ ਮਕਸਦ ਹੀ ਨਹੀਂ ਹੁੰਦਾ। ਉਨ੍ਹਾਂ ਦਾ ਇੱਕੋ ਇੱਕ ਮਕਸਦ ਹੁੰਦਾ ਹੈ ਵਿਦਿਆਰਥੀਆਂ-ਨੌਜਵਾਨਾਂ ਨੂੰ ਇਨਕਲਾਬੀ ਟੀਚੇ ਤੋਂ ਦੂਰ ਕਰਨਾ। ਗੈਰ-ਮੁੱਦਿਆਂ ਨੂੰ ਭੜਕਾ ਕੇ ਬੁਨਿਆਦੀ ਮੁੱਦਿਆਂ ਤੋਂ ਉਨ੍ਹਾਂ ਦਾ ਧਿਆਨ ਹਟਾਉਣਾ ਉਨ੍ਹਾਂ ਨੂੰ ਖੇਤਰ, ਜਾਤੀ, ਧਰਮ, ਭਾਸ਼ਾ ਆਦਿ ਦੇ ਅਧਾਰ ’ਤੇ ਵੰਡ ਦੇਣਾ ਅਤੇ ਵਿਦਿਆਰਥੀ ਨੌਜਵਾਨ ਲਹਿਰ ਨੂੰ ਪੂੰਜੀਵਾਦੀ ਵੋਟ ਰਾਜਨੀਤੀ ਦੇ ਨਵੇਂ ਰੰਗਰੂਟਾਂ ਦੀ ਭਰਤੀ ਦਾ ਅਤੇ ਸਿਖਲਾਈ ਦਾ ਕੇਂਦਰ ਬਣਾਈ ਰੱਖਣਾ। ਸੰਸਦ ਵਿੱਚ ਬਹਿਸਬਾਜ਼ੀ ਕਰਨ ਵਾਲ਼ੀਆਂ ਨਕਲੀ ਖੱਬੇਪੱਖੀ ਪਾਰਟੀਆਂ ਦੀਆਂ ਪਿਛਲੱਗ ਵਿਦਿਆਰਥੀ-ਨੌਜਵਾਨ ਜਥੇਬੰਦੀਆਂ ਵੀ ਮੂਲ ਤੌਰ ’ਤੇ ਇਹੀ ਖੇਡ ਖੇਡਦੀਆਂ ਹਨ। ਪਰ ਫਰਕ ਇਹ ਹੈ ਕਿ ਉਹ ਆਪਣੀ ਖੇਡ ਕੁੱਝ ਗਰਮਾ-ਗਰਮ ਨਾਅਰਿਆਂ ਅਤੇ ‘ਮਜ਼ਦੂਰ ਇਨਕਲਾਬ’ ਆਦਿ ਦੇ ਜ਼ੁਬਾਨੀ ਜਮ੍ਹਾਂ-ਖਰਚ ਦੇ ਨਾਲ਼-ਨਾਲ਼ ਖੇਡਦੀਆਂ ਹਨ। ਵੋਟ-ਬਟੋਰੂ ਖੱਬੇ-ਪੱਖੀ ਪਾਰਟੀਆਂ ਮਜ਼ਦੂਰਾਂ ਦੇ ਵਿਚਕਾਰ ਅਰਥਵਾਦੀ-ਸੁਧਾਰਵਾਦੀ ਸਰਗਰਮੀਆਂ ਕਰਦੀਆਂ ਹਨ ਅਤੇ ਇਨ੍ਹਾਂ ਦੀਆਂ ਵਿਦਿਆਰਥੀ ਨੌਜਵਾਨ ਜਥੇਬੰਦੀਆਂ ਸਾਲਾਨਾ ਕੁੱਝ ਰਸਮੀ ਅੰਦੋਲਨਾਂ

ਅਤੇ ਕੁੱਝ ਜਲਸਿਆਂ ਦੀ ਕਸਰਤ ਕਰਦੀਆਂ ਰਹਿੰਦੀਆਂ ਹਨ। ਹਾਲ ਦੇ ਕੁੱਝ ਸਾਲਾਂ ਵਿੱਚ ਇਹ ਫਰਕ ਜ਼ਰੂਰ ਪਿਆ ਹੈ ਕਿ ਅਜਿਹੀਆਂ ਨਾਮਧਾਰੀ ਖੱਬੇ-ਪੱਖੀ ਵਿਦਿਆਰਥੀ ਨੌਜਵਾਨ ਜਥੇਬੰਦੀਆਂ ਦੀ ਨਕਲੀ ਕ੍ਰਾਂਤੀਕਾਰਿਤਾ ਆਮ ਵਿਦਿਆਰਥੀਆਂ-ਨੌਜਵਾਨਾਂ ਵਿਚਕਾਰ ਕਾਫ਼ੀ ਹੱਦ ਤੱਕ ਨੰਗੀ ਹੋ ਚੁੱਕੀ ਹੈ। ਪਰ ਇਨਕਲਾਬੀ ਵਿਦਿਆਰਥੀ ਨੌਜਵਾਨ ਰਾਜਨੀਤੀ ਦੀ ਇਨ੍ਹਾਂ ਦੀ ਘਟੀਆ ਡਰਾਮੇਬਾਜ਼ੀ ਅਜੇ ਵੀ ਜਾਰੀ ਹੈ।

ਅੱਜ ਦੀ ਨੰਗੀ ਸੱਚਾਈ ਇਹ ਹੈ ਕਿ ਕੈਂਪਸਾਂ ਦੇ ਬਾਹਰ, ਸਮਾਜ ਵਿੱਚ, ਸੜਕਾਂ ’ਤੇ ਕਿਸੇ ਨੌਜਵਾਨ ਅੰਦੋਲਨ ਦੀਆਂ ਰਸਮੀ ਸਰਗਰਮੀਆਂ ਵੀ ਨਾ-ਮਾਤਰ ਨੂੰ ਹੀ ਦੇਖਣ ਨੂੰ ਮਿਲ ਰਹੀਆਂ ਹਨ। ਕਾਲਜਾਂ, ਯੂਨੀਵਰਸਿਟੀਆਂ ਦੇ ਕੈਂਪਸਾਂ ਵਿੱਚ ਪਿਛਲੇ ਇੱਕ ਦਹਾਕੇ ਤੋਂ ਵੀ ਜ਼ਿਆਦਾ ਕੁੱਝ ਸਮੇਂ ਤੋਂ ਪਸਰੀ ਹੋਈ ਚੁੱਪ ਟੁੱਟਣ ਦੇ ਅਜੇ ਕੋਈ ਸੰਕੇਤ ਨਜ਼ਰ ਨਹੀਂ ਆ ਰਹੇ। ਪੂੰਜੀਵਾਦੀ ਅਤੇ ਨਕਲੀ ਖੱਬੇਪੱਖੀ ਵਿਦਿਆਰਥੀ ਨੌਜਵਾਨ ਜਥੇਬੰਦੀਆਂ ਅਤੇ ਵਿਅਕਤੀਵਾਦੀ ਕੈਰੀਅਰਵਾਦੀ ਵਿਦਿਆਰਥੀ ਨੇਤਾਵਾਂ ਦੇ ਵੱਲ ਆਮ ਵਿਦਿਆਰਥੀਆਂ ਨੇ ਉਮੀਦ ਦੀ ਨਿਗਾਹ ਨਾਲ਼ ਵੇਖਣਾ ਕਾਫੀ ਪਹਿਲਾਂ ਹੀ ਬੰਦ ਕਰ ਦਿੱਤਾ ਹੈ। ਪਰ ਅਜਿਹਾ ਕੋਈ ਪ੍ਰਭਾਵਸ਼ਾਲੀ ਇਨਕਲਾਬੀ ਬਦਲ ਉਨ੍ਹਾਂ ਸਾਹਮਣੇ ਨਹੀਂ ਹੈ, ਜੋ ਉਨ੍ਹਾਂ ਅੰਦਰ ਨਵੀਆਂ ਉਮੀਦਾਂ ਜਗਾ ਸਕੇ। ਇਸ ਕੌੜੀ ਸੱਚਾਈ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਨਿਰਾਸ਼ਾ ਅਤੇ ਖੜ੍ਹੋਤ ਦੇ ਇਸ ਮਾਹੌਲ ਵਿੱਚ ਵਿਦਿਆਰਥੀਆਂ ਵਿਚਕਾਰ ਫਾਸੀਵਾਦੀ ਰੁਝਾਨਾਂ ਨੇ ਵੀ ਵੱਖ-ਵੱਖ ਰੂਪਾਂ ਵਿੱਚ ਤੇਜ਼ੀ ਨਾਲ਼ ਪੈਰ ਪਸਾਰੇ ਹਨ। ਪੀਲ਼ੇ, ਬਿਮਾਰ ਚਿਹਰਿਆਂ ਵਾਲ਼ੇ, ਰੋਂਦੂ ਮਾਨਸ ਆਮ ਮੱਧਵਰਗੀ ਨੌਜਵਾਨਾਂ ਦੀ ਇੱਕ ਕਾਫੀ ਚੰਗੀ ਗਿਣਤੀ ਧਾਰਮਿਕ ਕੱਟੜਪੰਥ ਜਾਂ ਉੱਗਰ ਜਾਤੀਵਾਦ ਜਾਂ ਤਰ੍ਹਾਂ-ਤਰ੍ਹਾਂ ਦੀ ਰਾਜਨੀਤੀ ਕਰਨ ਵਾਲ਼ੇ, ਚਿਕਨੇ ਚਮਕਦਾਰ ਚਿਹਰਿਆਂ ਵਾਲ਼ੇ ਚਾਲਾਕ ਗਿਰੋਹਬਾਜ਼ਾਂ ਦੇ ਪਿੱਛੇ ਜਾ ਖੜ੍ਹੀ ਹੋਈ ਹੈ। ਇਸ ਮਾਹੌਲ ਵਿੱਚ ਵਿਦਿਆਰਥੀਆਂ ਦੀ ਚੰਗੀ ਭਲ਼ੀ ਅਬਾਦੀ ਨਿਰਾਸ਼ਾ ਅਤੇ ਕੋਈ ਹੱਲ ਨਾ ਹੋਣ ਕਾਰਨ ਅਰਾਜਨੀਤੀਕਰਣ ਦੇ ਘਾਤਕ ਰੁਝਾਨ ਦਾ ਸ਼ਿਕਾਰ ਹੋ ਕੇ ਆਪਣੇ ਖੋਲ਼ ਵਿੱਚ ਸੁੰਗੜਦੀ ਜਾ ਰਹੀ ਹੈ।

ਵਿਦਿਆਰਥੀਆਂ-ਨੌਜਵਾਨਾਂ ਦੇ ਵਿਚਕਾਰ ਐਨ. ਜੀ. ਓ. ਦੀ ਘੁਸਪੈਠ ਹਾਲਾਤ ਨੂੰ ਹੋਰ ਜ਼ਿਆਦਾ ਗੰਭੀਰ ਬਣਾ ਰਹੀ ਹੈ। ਸਾਮਰਾਜੀਆਂ-ਦੇਸੀ ਪੂੰਜੀਪਤੀਆਂ ਅਤੇ ਸਰਕਾਰ ਦੇ ਪੈਸਿਆਂ ਨਾਲ ਚੱਲਣ ਵਾਲ਼ੇ ਇਹ ਸੰਗਠਨ ਸਮਾਜ ਵਿੱਚ ਜਮਾਤੀ-ਵਿਰੋਧਤਾਈਆਂ ਨੂੰ ਧੁੰਦਲਾ ਕਰਨ ਦੇ ਲਈ ਸੁਧਾਰਵਾਦੀ ਟਾਕੀਬਾਜ਼ੀ ਦੀਆਂ ਨਵੀਆਂ-ਨਵੀਆਂ ਸ਼ਾਤਰਾਨਾ ਚਾਲਾਂ ਚੱਲਣ ਅਤੇ ਪੂੰਜੀਵਾਦੀ ਪ੍ਰਬੰਧ ਦੀ ਨਵੀਂ ਸੁਰੱਖਿਆ ਕਤਾਰ ਅਤੇ ਨਵੇਂ ‘ਸੇਫਟੀ ਵਾਲਵ’ ਦੇ ਰੂਪ ਵਿੱਚ ਕੰਮ ਕਰਨ ਦੇ ਨਾਲ਼ ਹੀ ਇਨਕਲਾਬ ਦੀਆਂ ਸਫ਼ਾਂ ਵਿੱਚ ਭਰਤੀ ਦੀਆਂ ਸੰਭਾਵਨਾਵਾਂ ਨਾਲ਼ ਲੈੱਸ ਜੁਝਾਰੂ, ਇਮਾਨਦਾਰ ਨੌਜਵਾਨਾਂ ਨੂੰ ਸਮਾਜਿਕ ਕਾਰਜਾਂ ਦੇ ਓਹਲੇ ਵਿੱਚ ਭਰਮਾ-ਬਹਿਕਾ ਕੇ ਸੁਧਾਰਵਾਦ ਦੀ ਦਲਦਲ ਵਿੱਚ ਫਸਾ ਦਿੰਦੇ ਹਨ, ਉਨ੍ਹਾਂ ਨੂੰ **‘ਤਨਖਾਹਦਾਰ ਸਮਾਜਕ ਕਾਰਕੁੰਨ’** ਬਣਾ ਕੇ

ਭ੍ਰਿਸ਼ਟ ਕਰ ਦਿੰਦੇ ਹਨ ਅਤੇ ਪ੍ਰਬੰਧ ਵਿੱਚ ਵਲੇਟ ਲੈਂਦੇ ਹਨ। ਹਾਲਾਤ ਇਹ ਹਨ ਕਿ ਕੱਲ੍ਹ ਤੱਕ ਇਨਕਲਾਬੀ ਖੱਬੇਪੱਖੀ ਰਾਜਨੀਤੀ ਦੀ ਧਾਰਾ ਨਾਲ ਜੁੜੇ ਹੋਏ ਅਤੇ ਅੱਜ ਵੀ ਅਜਿਹਾ ਦਾਅਵਾ ਕਰਨ ਵਾਲਿਆਂ ਕੁੱਝ ਵਿਦਿਆਰਥੀ ਜਥੇਬੰਦੀਆਂ ਅਜਿਹੀਆਂ ਵੀ ਹਨ ਜੋ ਐਨ. ਜੀ. ਓ. ਦੇ ਨਾਲ਼ ਖੁੱਲ੍ਹੇ ਆਮ ਸਾਂਝਾ-ਗਾਂਢਾਂ ਕਰ ਰਹੀਆਂ ਹਨ ਅਤੇ ਅਜਿਹੇ ਕੈਰੀਅਰਵਾਦੀ, ਨਿਠੱਲੇ, ਫੈਸ਼ਨਪ੍ਰਸਤ ਖੱਬੇਪੱਖੀ ਨੌਜਵਾਨਾਂ ਦੇ ਅੱਡੇ ਬਣ ਚੁੱਕੀਆਂ ਹਨ ਜੋ ਕੁੱਝ ਦਿਨਾਂ ਤੱਕ ਵਿਦਿਆਰਥੀ ਰਾਜਨੀਤੀ ਦਾ ਸ਼ੌਕ ਪੂਰਾ ਕਰ ਲੈਣ ਤੋਂ ਬਾਅਦ ਇਸ ਜਾਂ ਉਸ ਐਨ. ਜੀ. ਓ. ਦੇ ਟੁੱਕੜਖੋਰ ਚਾਕਰ ਬਣ ਜਾਂਦੇ ਹਨ।

ਇਨਕਲਾਬੀ ਖੱਬੇਪੱਖੀ ਧਾਰਾ ਦੀਆਂ ਬਹੁਤ ਸਾਰੀਆਂ ਅਜਿਹੀਆਂ ਛੋਟੀਆਂ-ਛੋਟੀਆਂ ਵਿਦਿਆਰਥੀ ਜਥੇਬੰਦੀਆਂ ਹਨ ਜੋ ਕੁੱਝ ਰਸਮੀ ਕੰਮ ਅਤੇ ਕੁੱਝ ਗਰਮ ਨਾਅਰਿਆਂ ਦੀ ਜੁਗਾਲੀ ਕਰਦੀਆਂ ਹੋਈਆਂ ਪੁੱਠੇ ਰਸਤੇ ਪੈ ਕੇ ਨਕਲੀ ਖੱਬੇਪੱਖੀ ਵਿਦਿਆਰਥੀ ਜਥੇਬੰਦੀਆਂ ਦੇ ਗਿਰੋਹ ਵਿੱਚ ਸ਼ਾਮਲ ਹੋ ਜਾਣ ਵੱਲ ਵੱਧ ਰਹੀਆਂ ਹਨ। ਕੁੱਝ ਅਜਿਹੇ ਵੀ ਹਨ ਜੋ ਵਿਚਾਰਕ ਤੰਗਨਜ਼ਰੀ, ਕੱਟੜਪੰਥ ਅਤੇ ਅੱਤ ਖੱਬੀ ਲੱਫਜ਼ੀ ਦੇ ਸ਼ਿਕਾਰ ਹਨ। ਜ਼ਮੀਨੀ ਕਾਰਵਾਈਆਂ ਅਤੇ ਵਿਆਪਕ ਵਿਦਿਆਰਥੀ ਅਬਾਦੀ ਨੂੰ ਜਾਗ੍ਰਿਤ ਜਥੇਬੰਦ ਕਰਨ ਦੇ ਲਈ ਜਨਤਕ ਲੀਹ ’ਤੇ ਅਮਲ ਕਰਨ ਦੀ ਬਜਾਏ ਉਹ ਗਰਮਾ-ਗਰਮ ਨਾਅਰੇ ਦਿੰਦੇ ਹਨ ਅਤੇ ਅਫਰਾ-ਤਫਰੀ ਵਿੱਚ ਹਥਿਆਰਬੰਦ ਇਨਕਲਾਬ ਦਾ ਰੁਮਾਨੀ ਸੁਪਨਾ ਦਿਖਾਉਂਦੇ ਹਨ। ਸਾਮਰਾਜਵਾਦ-ਪੂੰਜੀਵਾਦ ਦੇ ਵਿਰੁੱਧ ਨਵੇਂ ਸਮਾਜਵਾਦੀ ਇਨਕਲਾਬ ਦੀਆਂ ਬਦਲੀਆਂ ਹਾਲਤਾਂ ਨੂੰ ਸਮਝਣ ਦੀ ਬਜਾਏ ਇਹ ਅੱਜ ਵੀ ਭਾਰਤ ਨੂੰ ਅਰਧ ਜਗੀਰੂ-ਅਰਧ ਬਸਤੀ ਦੱਸਦੇ ਹਨ ਅਤੇ ਇਹ ਜਥੇਬੰਦੀਆਂ ਕੌਮੀ ਜਮਹੂਰੀ ਇਨਕਲਾਬ ਦਾ ਨਾਅਰਾ ਦਿੰਦੀਆਂ ਹਨ। ਲੋਕ-ਕਾਰਵਾਈਆਂ ਦੇ ਬਾਰੇ ਵਿੱਚ ਸਮਝ ਦੀ ਅਣਹੋਂਦ ਅਤੇ ਦੇਸ਼ ਦੀਆਂ ਸਮਾਜਿਕ ਆਰਥਿਕ ਹਾਲਤਾਂ ਦੀ ਗ਼ਲਤ ਸਮਝ ਕਾਰਨ ਅਜਿਹੀਆਂ ਵਿਦਿਆਰਥੀ ਜਥੇਬੰਦੀਆਂ ਹੁਣ ਤੱਕ ਨਾ ਤਾਂ ਵਿਆਪਕ ਵਿਦਿਆਰਥੀ ਅਬਾਦੀ ਦਾ ਕੋਈ ਅੰਦੋਲਨ ਜਥੇਬੰਦ ਕਰ ਸਕੀਆਂ ਹਨ ਅਤੇ ਨਾ ਹੀ ਭਵਿੱਖ ਵਿੱਚ ਕਰ ਸਕਣਗੀਆਂ। ਅਮਲੀ ਤੌਰ ’ਤੇ ਅਜਿਹੀਆਂ ਵਿਦਿਆਰਥੀ ਜਥੇਬੰਦੀਆਂ ਦੇਸ਼ ਦੇ ਕੁੱਝ ਪਛੜੇ-ਦੁਰਗਮ ਇਲਾਕਿਆਂ ਵਿੱਚ ‘ਖੱਬੇਪੱਖੀ’ ਮਾਅਰਕੇਬਾਜ ਲੀਹ ’ਤੇ ਜਾਰੀ ਹਥਿਆਰਬੰਦ ਸੰਘਰਸ਼ਾਂ ਦੇ ਲਈ ਕੈਂਪਸਾਂ ਵਿੱਚੋਂ ਕੁੱਝ ਨਵੇਂ ਰੰਗਰੂਟ ਭਰਤੀ ਕਰਨ ਦੇ ਨਾਲ਼-ਨਾਲ਼ ਜਾਂ ਕੁੱਝ ਸੈਮੀਨਾਰ ਟਾਈਪ, ਬੌਧਿਕ ਕਰਮ-ਕਾਂਡ ਕਰਦੇ ਹਨ ਜਾਂ ਫਿਰ ਕੁੱਝ ਰੈਡੀਕਲ ਸੁਧਾਰਵਾਦੀ ਕਾਰਵਾਈਆਂ ਕਰਦੀਆਂ ਹਨ।

ਮੁੱਦਾ ਭਾਵੇਂ ਬਿਰਲਾ-ਅੰਬਾਨੀ ਰਿਪੋਰਟ ਅਤੇ ਕੁੱਲ ਸਰਕਾਰੀ ਫੈਸਲਿਆਂ ਦੁਆਰਾ ਲਗਾਤਾਰ ਥੋਪੀਆਂ ਜਾ ਰਹੀਆਂ ਘੋਰ ਪੂੰਜੀਪ੍ਰਸਤ ਸਿੱਖਿਆ ਨੀਤੀਆਂ ਦਾ ਹੋਵੇ, ਲਗਾਤਾਰ ਵੱਧਦੀਆਂ ਫੀਸਾਂ ਅਤੇ ਘੱਟਦੀਆਂ ਸੀਟਾਂ ਦਾ ਹੋਵੇ ਸਿੱਖਿਆ ਸੰਸਥਾਵਾਂ ਨੂੰ ਸਿੱਧੇ ਪੂੰਜੀਪਤੀ ਘਰਾਣਿਆਂ ਨੂੰ ਸੌਂਪਣ ਦਾ ਹੋਵੇ ਜਾਂ ਕੈਂਪਸਾਂ ਵਿੱਚ ਲਗਾਤਾਰ ਸੁੰਗੜਦੀ

ਜਾ ਰਹੀ ਜਮਹੂਰੀ 'ਸਪੇਸ' ਦਾ ਹੋਵੇ, ਵਿਦਿਆਰਥੀ ਲਹਿਰ ਕਿਤੇ ਵੀ ਪ੍ਰਭਾਵਸ਼ਾਲੀ ਪ੍ਰਤੀਰੋਧ ਜਥੇਬੰਦ ਕਰ ਸਕਣ ਦੀ ਹਾਲਤ ਵਿੱਚ ਨਹੀਂ ਹੈ।

ਇਸ ਸਥਿਤੀ ਨੂੰ ਤੋੜਨ ਦੇ ਲਈ ਇਸ ਦੇ ਬੁਨਿਆਦੀ ਕਾਰਨਾਂ ਨੂੰ ਸਮਝਣਾ ਜ਼ਰੂਰੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਜਦੋਂ ਪੂਰੀ ਦੁਨੀਆਂ ਅਤੇ ਪੂਰੇ ਦੇਸ਼ ਦੇ ਪੱਧਰ ਤੇ ਇਨਕਲਾਬ ਦੀ ਲਹਿਰ 'ਤੇ ਉਲਟ ਇਨਕਲਾਬ ਦੀ ਲਹਿਰ ਹਾਵੀ ਹੈ ਅਤੇ ਇਨਕਲਾਬੀ ਸਿਆਸਤ ਦੀ ਧਾਰਾ ਵਿਚਕਾਰ ਕਮਜ਼ੋਰੀਆਂ, ਹਾਲਾਤ ਦੀ ਗ਼ਲਤ ਸਮਝ, ਅਤੀਤ ਦੇ ਇਨਕਲਾਬਾਂ ਦੀ ਅੰਨ੍ਹੇਵਾਹ ਨਕਲ ਦਾ ਰੁਝਾਨ ਅਤੇ ਇਨ੍ਹਾਂ ਸਭ ਦੇ ਨੀਤਜੇ ਵਜੋਂ ਖੜੋਤ ਅਤੇ ਖਿੰਡਾਅ ਦਾ ਸ਼ਿਕਾਰ ਹੈ ਤਾਂ ਇਹ ਪੂਰਾ ਦ੍ਰਿਸ਼ ਇਨਕਲਾਬੀ ਨੌਜਵਾਨ-ਵਿਦਿਆਰਥੀ ਸਿਆਸਤ ਦੇ ਦ੍ਰਿਸ਼ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਪਰ ਇਸ ਸਥਿਤੀ ਨੂੰ ਬਦਲਣ ਵਿੱਚ ਵੀ ਇਨਕਲਾਬੀ ਨੌਜਵਾਨਾਂ ਨੇ ਹੀ ਮਹੱਤਵਪੂਰਨ ਭੂਮਿਕਾ ਅਦਾ ਕਰਨੀ ਹੈ। ਹਾਲਤਾਂ ਦੀ ਸਹੀ ਸਮਝ ਦੇ ਅਧਾਰ 'ਤੇ ਵਿਦਿਆਰਥੀ ਨੌਜਵਾਨ ਲਹਿਰ ਦੀ ਮੁੜ ਉਸਾਰੀ ਦੇ ਯਤਨਾਂ ਦੇ ਨਾਲ਼ ਹੀ ਪ੍ਰਬੁੱਧ ਇਨਕਲਾਬੀ ਨੌਜਵਾਨਾਂ ਨੂੰ ਮਿਹਨਤਕਸ਼ ਜਨਤਾ ਦੀ ਇਨਕਲਾਬੀ ਸਿਆਸਤ ਦੀ ਮੁੜ ਉਸਾਰੀ ਦੇ ਬਾਰੇ ਵਿੱਚ ਵੀ ਸੋਚਣਾ ਹੋਵੇਗਾ, ਮਿਹਨਤਕਸ਼ ਜਮਾਤਾਂ ਦੇ ਵਿਚਕਾਰ ਕੰਮ ਵੀ ਕਰਨਾ ਹੋਵੇਗਾ ਅਤੇ ਇਨਕਲਾਬ ਦੀਆਂ ਹਿਰਾਵਲ ਸਫਾਂ 'ਚੋਂ ਨਵੀਂ ਭਰਤੀ ਦੀ ਜਬਰਦਸਤ ਮੁਹਿੰਮ ਛੇੜਣੀ ਹੋਵੇਗੀ।

ਕੈਂਪਸਾਂ ਦੇ ਵਿੱਚ ਵਿਦਿਆਰਥੀ ਲਹਿਰ ਦੀ ਖੜੋਤ-ਟੁੱਟ ਭੱਜ ਦਾ ਇੱਕ ਅਹਿਮ ਕਾਰਨ ਪਿਛਲੇ ਲਗਭਗ 20 ਸਾਲਾਂ ਵਿੱਚ ਵਿਦਿਆਰਥੀ ਅਬਾਦੀ ਦੀ ਬਣਤਰ ਵਿੱਚ ਆਇਆ ਮਹੱਤਵਪੂਰਨ ਬਦਲਾਅ ਵੀ ਹੈ। ਲਗਾਤਾਰ ਘੱਟਦੀਆਂ ਸੀਟਾਂ ਤੇ ਵੱਧਦੀਆਂ ਫੀਸਾਂ ਦੇ ਕਾਰਨ ਅੱਜ ਉੱਚ ਸਿੱਖਿਆ ਦੇ ਕੇਂਦਰਾਂ ਵਿੱਚ ਵਿਦਿਆਰਥੀ ਅਬਾਦੀ ਬਹੁਤ ਘੱਟ ਗਈ ਹੈ ਅਤੇ ਜੋ ਹੈ ਵੀ ਉਹ ਜ਼ਿਆਦਾਤਰ ਖਾਂਦੇ-ਪੀਂਦੇ ਘਰਾਂ ਦੇ ਖ਼ੁਦਗਰਜ਼, ਕੈਰੀਅਰਵਾਦੀ ਅਤੇ ਸਮਾਜਿਕ ਸਰੋਕਾਰਾਂ ਤੋਂ ਰਹਿਤ ਲਾਡਲੇ ਲਾਡਲੀਆਂ ਹਨ, ਜਿਨ੍ਹਾਂ ਦਾ 'ਸਵਰਗ' ਕਾਫੀ ਹੱਦ ਤੱਕ ਇਸੇ ਪ੍ਰਬੰਧ ਵਿੱਚ ਸੁਰੱਖਿਅਤ ਹੈ। ਤਕਨਾਲੋਜੀ, ਮੈਨੇਜਮੈਂਟ ਆਦਿ 'ਪ੍ਰੋਫੈਸ਼ਨਲ ਕੋਰਸਾਂ' 'ਤੇ ਜ਼ੋਰ ਵੱਧ ਰਿਹਾ ਹੈ ਅਤੇ ਮਹਿੰਗੀ ਪੜ੍ਹਾਈ ਦੇ ਇਨ੍ਹਾਂ ਖੇਤਰਾਂ ਵਿੱਚ ਸਮਾਜ ਦੇ ਧਨੀ ਵਰਗਾਂ ਦੇ ਵਿਦਿਆਰਥੀਆਂ ਦਾ ਗ਼ਲਬਾ ਹੈ। ਆਮ ਘਰਾਂ ਦੇ ਵਿਦਿਆਰਥੀ ਕੁੱਝ ਵਿਸ਼ਿਆਂ ਦੀ ਪੜ੍ਹਾਈ ਹੀ ਕਰ ਪਾਉਂਦੇ ਹਨ ਅਤੇ ਕਿਸੇ ਵੀ ਤਰ੍ਹਾਂ ਦਾ ਰੁਜ਼ਗਾਰ ਪਾ ਲੈਣ ਦੀਆਂ ਬਦਹਵਾਸ ਕੋਸ਼ਿਸ਼ਾਂ ਵਿੱਚ ਲੱਗੇ ਰਹਿੰਦੇ ਹਨ। ਬਹੁਗਿਣਤੀ ਮਿਹਨਤਕਸ਼ ਅਬਾਦੀ ਵਿੱਚੋਂ ਤਾਂ ਕੋਈ ਨੌਜਵਾਨ ਅਪਵਾਦ ਸਰੂਪ ਹੀ ਉੱਚ ਸਿੱਖਿਆ ਦੇ ਕੈਂਪਸਾਂ ਤੱਕ ਪਹੁੰਚ ਪਾਉਂਦਾ ਹੈ। ਹੁਣ ਜ਼ਿਆਦਾਤਰ ਨਿਮਨ ਮੱਧਵਰਗੀ ਵਿਦਿਆਰਥੀ ਵੀ ਯੂਨੀਵਰਸਿਟੀਆਂ ਅਤੇ ਬਿਹਤਰ ਕਾਲਜਾਂ ਦੇ ਕੈਂਪਸਾਂ ਤੋਂ ਬਾਹਰ ਧੱਕ ਦਿੱਤੇ ਗਏ ਹਨ। ਉਹ ਜਾਂ ਤਾਂ ਮਹਾਂਨਗਰਾਂ ਦੇ ਨਿਮਨਮੱਧਵਰਗੀ ਰਿਹਾਇਸ਼ੀ ਇਲਾਕਿਆਂ ਜਾਂ ਫਿਰ ਦੂਰ-ਦਰਾਜ ਦੇ ਕਸਬਿਆਂ ਪਿੰਡਾਂ ਦੇ ਕਾਲਜਾਂ ਵਿੱਚ ਹਤਾਸ਼-

ਕੁੜ੍ਹੇ ਪਏ ਹੋਏ ਭਵਿੱਖ ਦੇ ਅੰਨ੍ਹੇ ਖ਼ੂਹ ਵਿੱਚ ਡੁੱਬ-ਉੱਤਰ ਰਹੇ ਹਨ, ਜਾਂ ਫਿਰ ਕੋਈ ਛੋਟਾ-ਮੋਟਾ ਰੋਜ਼ੀ-ਰੁਜ਼ਗਾਰ ਕਰਦੇ ਹੋਏ, ਬਿਹਤਰ ਰੁਜ਼ਗਾਰ ਪਾਉਣ ਦੀ ਕੋਸ਼ਿਸ਼ ਵਿੱਚ ਲੱਗੇ ਹਨ ਜਾਂ ਫਿਰ ਫੈਕਟਰੀ ਗੇਟਾਂ 'ਤੇ ਦਿਹਾੜੀ ਅਤੇ ਠੇਕਾ ਮਜ਼ਦੂਰਾਂ ਦੀਆਂ ਕਤਾਰਾਂ ਵਿੱਚ ਖੜ੍ਹੇ ਹਨ।

ਇਸ ਲਈ ਅੱਜ ਕੈਂਪਸ ਕੇਂਦ੍ਰਿਤ ਵਿਦਿਆਰਥੀ ਲਹਿਰ ਦੀਆਂ ਸੰਭਾਵਨਾਵਾਂ ਬਾਹਰਮੁਖੀ ਤੌਰ 'ਤੇ ਵੀ ਘੱਟ ਹੋ ਗਈਆਂ ਹਨ। ਵਿਦਿਆਰਥੀ ਲਹਿਰ ਅਤੇ ਨੌਜਵਾਨ ਲਹਿਰ ਦੇ ਸੰਯੁਕਤ ਰੂਪ ਵਿੱਚ ਇੱਕ ਵਿਦਿਆਰਥੀ-ਨੌਜਵਾਨ ਲਹਿਰ ਦੇ ਰੂਪ ਵਿੱਚ ਜਥੇਬੰਦ ਹੋਣ ਦੀਆਂ ਅਨੁਕੂਲ ਹਾਲਤਾਂ ਹੁਣ ਪਹਿਲਾਂ ਤੋਂ ਜ਼ਿਆਦਾ ਤਿਆਰ ਹਨ ਅਤੇ ਉਸ ਨੂੰ ਵਿਆਪਕ ਮਿਹਨਤਕਸ਼ ਜਨਤਾ ਦੇ ਪੂੰਜੀ ਵਿਰੋਧੀ ਸੰਘਰਸ਼ਾਂ ਨਾਲ਼ ਸਿੱਧੇ ਜੋੜ ਦੇਣ ਦੀਆਂ ਸੰਭਾਵਨਾਵਾਂ ਵੀ ਪਹਿਲਾਂ ਤੋਂ ਜ਼ਿਆਦਾ ਪੈਦਾ ਹੋ ਗਈਆਂ ਹਨ। ਪੂਰੇ ਸਮਾਜ ਤੋਂ ਲੈ ਕੇ ਕੈਂਪਸਾਂ ਤੱਕ ਵਿੱਚ ਆਏ ਬਣਤਰੀ ਬਦਲਾਵਾਂ ਦੇ ਕਾਰਨ, ਵਿਦਿਆਰਥੀ ਨੌਜਵਾਨ ਲਹਿਰ ਦੇ ਪੁਰਾਣੇ ਖੜੋਤ ਮਾਰੇ, ਬੰਨ੍ਹੇ-ਬਨ੍ਹਾਏ ਸਾਂਚੇ ਨੂੰ ਪੂਰੀ ਤਰ੍ਹਾਂ ਬਦਲਣਾ ਹੋਵੇਗਾ ਅਤੇ ਉਪਰੋਕਤ ਬਦਲਾਵਾਂ ਦੇ ਮੱਦੇਨਜ਼ਰ ਇੱਕ ਨਵੇਂ ਪ੍ਰੋਗਰਾਮ ਦੇ ਅਧਾਰ 'ਤੇ ਨਵੀਂ ਸ਼ੁਰੂਆਤ ਕਰਨੀ ਹੋਵੇਗੀ।

ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਆਪਣੀਆਂ ਸਿਆਸੀ-ਪ੍ਰਚਾਰਮੂਲਕ ਅਤੇ ਅੰਦੋਲਨਾਤਮਕ ਸਰਗਰਮੀਆਂ ਨੂੰ ਕੈਂਪਸਾਂ ਦੇ ਬਾਹਰ ਸੜਕਾਂ 'ਤੇ ਅਤੇ ਮਿਹਨਤਕਸ਼ ਅਤੇ ਨਿਮਨ ਮੱਧਵਰਗੀ ਰਿਹਾਇਸ਼ੀ ਬਸਤੀਆਂ ਵਿੱਚ ਲਿਆਉਣਾ ਹੋਵੇਗਾ। ਉੱਥੇ ਵਿਦਿਆਰਥੀਆਂ-ਨੌਜਵਾਨਾਂ ਨੂੰ ਰੁਜ਼ਗਾਰ ਅਤੇ ਸਿੱਖਿਆ ਦੇ ਮੁੱਦਿਆਂ 'ਤੇ ਜਥੇਬੰਦ ਕਰਦੇ ਹੋਏ ਉਨ੍ਹਾਂ ਨੂੰ ਆਪ ਮਿਹਨਤਕਸ਼ ਅਬਾਦੀ ਵਿੱਚ ਵੀ ਅਨੇਕਾਂ ਰਚਨਾਤਮਕ ਪ੍ਰੋਗਰਾਮ ਲੈਣੇ ਪੈਣਗੇ, ਉਨ੍ਹਾਂ ਦੇ ਸੰਘਰਸ਼ਾਂ ਵਿੱਚ ਹਿੱਸੇਦਾਰੀ ਕਰਨੀ ਹੋਵੇਗੀ ਅਤੇ ਉਨ੍ਹਾਂ ਵਿਚਕਾਰ ਇਨਕਲਾਬੀ ਪ੍ਰਚਾਰ ਦੀ ਕਾਰਵਾਈ ਵੀ ਜਥੇਬੰਦ ਕਰਨੀ ਹੋਵੇਗੀ।

ਕੈਂਪਸਾਂ ਦੇ ਬਾਹਰ ਨੌਜਵਾਨ ਤਾਕਤ ਜਿਸ ਹੱਦ ਤੱਕ ਜਥੇਬੰਦ ਅਤੇ ਅੰਦੋਲਿਤ ਹੋਵੇਗੀ ਅਤੇ ਆਮ ਜਨਤਾ ਦੇ ਸੰਘਰਸ਼ਾਂ ਨਾਲ਼ ਜਿੰਨੀ ਜੁੜੀ ਹੋਵੇਗੀ, ਉਨੀ ਹੀ ਜ਼ਿਆਦਾ ਮਦਦ ਸਾਨੂੰ ਕੈਂਪਸਾਂ ਵਿੱਚੋਂ ਵੀ ਨਿੱਤ-ਦਿਨ ਦੇ ਮੁੱਦਿਆਂ 'ਤੇ, ਜਮਹੂਰੀ ਅਧਿਕਾਰਾਂ ਦੇ ਮੁੱਦਿਆਂ 'ਤੇ ਅਤੇ ਸਿੱਖਿਆ ਅਤੇ ਰੁਜ਼ਗਾਰ ਦੇ ਵਿਆਪਕ ਸਵਾਲਾਂ 'ਤੇ ਆਮ ਵਿਦਿਆਰਥੀਆਂ ਨੂੰ ਜਥੇਬੰਦ ਕਰਨ ਵਿੱਚ ਮਿਲੇਗੀ। ਵਿਦਿਆਰਥੀ ਲਹਿਰ ਨੂੰ ਜਥੇਬੰਦ ਕਰਨ ਦੀ ਨਜ਼ਰ ਤੋਂ ਪਿਛੜੇ ਖੇਤਰਾਂ ਦੇ ਕੈਂਪਸਾਂ 'ਤੇ ਕੇਂਦਰਿਤ ਕਰਨਾ ਜ਼ਿਆਦਾ ਉਚਿੱਤ ਹੋਵੇਗਾ, ਕਿਉਂਕਿ ਉੱਥੇ ਆਮ ਘਰਾਂ ਦੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਹੋਣਗੇ, ਹਾਲਾਂ ਕਿ ਉਨ੍ਹਾਂ ਦੀ ਪਛੜੀ ਸੱਭਿਆਚਾਰਕ-ਸਿਆਸੀ ਚੇਤਨਾ ਦੇ ਚਲਦੇ ਸਿਆਸੀ ਸਿੱਖਿਆ-ਟ੍ਰੇਨਿੰਗ ਦਾ ਕੰਮ ਜ਼ਿਆਦਾ ਚੁਣੌਤੀਪੂਰਨ ਹੋਵੇਗਾ। ਜੋ ਉੱਚ ਸਿੱਖਿਆ ਦੇ ਨਾਮੀ ਮਹਾਂਨਗਰੀ ਕੈਂਪਸ ਹਨ, ਉਥੇ ਵਿਦਿਆਰਥੀ ਲਹਿਰ ਦੀ

ਜ਼ਮੀਨ ਤਾਂ ਕਮਜ਼ੋਰ ਹੋਵੇਗੀ, ਪਰ ਉਥੋਂ ਇਨਕਲਾਬੀ ਸਫਾਂ ਵਿੱਚ ਅਜਿਹੇ ਉੱਨਤ ਤੱਤਾਂ ਦੀ ਭਰਤੀ ਦੀ ਸੰਭਾਵਨਾ ਜ਼ਿਆਦਾ ਹੋਵੇਗੀ, ਜੋ ਗਿਣਤੀ ਵਿੱਚ ਤਾਂ ਨਿਸ਼ਚਿਤ ਹੀ ਘੱਟ ਹੋਣਗੇ, ਪਰ ਜੇ ਉਹ ਆਮ ਮਿਹਨਤਕਸ਼ ਜਨਤਾ ਦੇ ਨਾਲ਼ ਇੱਕਰੂਪ ਹੋ ਸਕੇ ਤਾਂ ਅਤਿਅੰਤ ਬਹੁਮੁੱਲੇ ਸਾਬਤ ਹੋਣਗੇ।

ਸਾਡਾ ਪ੍ਰਸਤਾਵ ਹੈ ਕਿ ਬਦਲੀਆਂ ਹਾਲਤਾਂ ਦੀ ਇਸ ਸਮਝ ਵਿੱਚ ਅਤੇ ਨਵੇਂ ਸਿਰੇ ਤੋਂ ਇਨਕਲਾਬੀ ਵਿਦਿਆਰਥੀ-ਨੌਜਵਾਨ ਲਹਿਰ ਦੀ ਉਸਾਰੀ ਦੇ ਰਸਤੇ ਦੇ ਬਾਰੇ ਵਿੱਚ, ਉਸ ਦੇ ਸਰੂਪ, ਏਜੰਡੇ ਅਤੇ ਪ੍ਰਾਥਮਿਕਤਾਵਾਂ ਬਾਰੇ, ਸਾਡੀ ਇਸ ਸੋਚ ਤੇ ਦੇਸ਼ ਦੇ ਸਾਰੇ ਤਬਦੀਲੀ ਦੇ ਇਛੁੱਕ ਵਿਦਿਆਰਥੀ-ਨੌਜਵਾਨ ਸੰਜੀਦਗੀ ਦੇ ਨਾਲ਼ ਸੋਚਣ ਬਹਿਸ-ਮੁਬਾਹਿਸਾ ਕਰਨ ਅਤੇ ਪ੍ਰਯੋਗ ਕਰਦੇ ਹੋਏ ਇਕਮੱਤ ਹੋਣ ਦੀ ਕੋਸ਼ਿਸ਼ ਕਰਨ। ਰਾਹ ਚਾਹੇ ਹਜ਼ਾਰ ਮੀਲ ਲੰਬਾ ਹੋਵੇ, ਸ਼ੁਰੂਆਤ ਇੱਕ ਕਦਮ ਉਠਾ ਕੇ ਹੀ ਕੀਤੀ ਜਾਂਦੀ ਹੈ। ਸਾਨੂੰ ਇੱਕ ਨਵੀਂ ਸ਼ੁਰੂਆਤ ਕਰਨੀ ਹੀ ਹੋਵੇਗੀ।

ਭਗਤ ਸਿੰਘ ਨੇ ਜੋ ਭਵਿੱਖ ਦਾ ਸੁਪਨਾ ਦੇਖਿਆ ਸੀ, ਉਸ ਨੂੰ ਮੁਕਤੀ ਦੇ ਪ੍ਰੋਜੈਕਟਾਂ ਵਿੱਚ ਢਾਲਣ ਅਤੇ ਅਮਲੀ ਜਾਮਾ ਪਹਿਨਾਉਣ ਦਾ ਕੰਮ ਅੱਜ ਵੀ ਸਾਡੇ ਸਾਹਮਣੇ ਇੱਕ ਬਲ਼ਦੇ ਸਵਾਲ ਦੇ ਰੂਪ ਵਿੱਚ ਖੜ੍ਹਾ ਹੈ। ਉਸ ਮਹਾਨ ਨੌਜਵਾਨ ਵਿਚਾਰਕ ਇਨਕਲਾਬੀ ਦੀ ਸ਼ਹਾਦਤ ਦੇ ਪਝੰਤਰ ਸਾਲ ਪੂਰੇ ਹੋਣ ਨੂੰ ਆ ਰਹੇ ਹਨ। ਕੀ ਹੁਣ ਵੀ ਅਸੀਂ ਉਸ ਸੱਦੇ ਦੀ ਅਣਸੁਣੀ ਕਰਦੇ ਰਹਾਂਗੇ? ਇਨਕਲਾਬੀ ਤੂਫਾਨਾਂ ਵਿੱਚ ਉਡਾਨ ਭਰਨ ਵਾਸਤੇ ਆਪਣੇ ਖੰਭਾਂ ਨੂੰ ਤੋਲਣ ਦੇ ਲਈ ਭਵਿੱਖ, ਮੁਕਤੀ ਦੀ ਇੱਛਾ ਰੱਖਣ ਵਾਲ਼ੇ ਨੌਜਵਾਨ ਦਿਲਾਂ ਨੂੰ ਸੱਦਾ ਦੇ ਰਿਹਾ ਹੈ। ਗਰਵੀਲੇ ਗਰੁੜ ਅਤੇ ਤੂਫਾਨੀ ਪੇਤਰੇਲ ਇਸ ਸੱਦੇ ਦੀ ਅਣਸੁਣੀ ਬਿਲਕੁੱਲ ਨਹੀਂ ਕਰ ਸਕਦੇ।

●●●●●

## ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਪੁਸਤਕਾਂ

| ਲੜੀ ਨੰ: | ਕਿਤਾਬ ਦਾ ਨਾਂ | ਕੀਮਤ |
|---|---|---|
| 1. | ਇਨਕਲਾਬ ਦਾ ਸੁਨੇਹਾ<br>(ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ<br>ਚੋਣਵੀਆਂ ਲਿਖਤਾਂ) | 20.00 ਰੁਪਏ |
| 2. | ਸੁਤੰਤਰ ਵਪਾਰ ਦਾ ਸਵਾਲ<br>(ਮਾਰਕਸ, ਏਂਗਲਜ ਅਤੇ ਲੈਨਿਨ ਵੱਲੋਂ<br>ਸੁਤੰਤਰ ਵਪਾਰ ਸਬੰਧੀ ਆਪਣੇ ਵਿਚਾਰ) | 10.00 ਰੁਪਏ |
| 3. | ਫਿਲਾਸਫੀ ਕੋਈ ਗੋਰਖ ਧੰਦਾ ਨਹੀਂ<br>(ਇਕ ਚੀਨੀ ਕਿਤਾਬ ਦਾ ਅਨੁਵਾਦ) | 10.00 ਰੁਪਏ |
| 4. | ਨੌਜਵਾਨਾਂ ਨਾਲ ਦੋ ਗੱਲਾਂ<br>(ਪੀਟਰ ਕ੍ਰੋਪੌਟਨਿਕ) | 05.00 ਰੁਪਏ |
| 5. | ਅਜਿਹਾ ਸੀ ਸਾਡਾ ਭਗਤ ਸਿੰਘ<br>(ਸ਼ਿਵ ਵਰਮਾ) | 05.00 ਰੁਪਏ |
| 6. | ਸ਼ਹੀਦ ਚੰਦਰ ਸ਼ੇਖਰ ਆਜ਼ਾਦ<br>(ਭਗਵਾਨ ਦਾਸ ਮਹੌਰ) | 10.00 ਰੁਪਏ |
| 7. | ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ<br>(ਕਿਸਾਨ ਅੰਦੋਲਨ ਬਾਰੇ ਵਿਚਾਰ ਉਤੇਜਕ ਦਸਤਾਵੇਜ਼ਾਂ ਦਾ ਸੰਗ੍ਰਿਹ) | 10.00 ਰੁਪਏ |
| 8. | ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ<br>(ਰੰਗਾਨਯਾਕੰਮਾ) | 15.00 ਰੁਪਏ |
| 9. | ਜੰਗਲਨਾਮਾ-ਇਕ ਰਾਜਨੀਤਿਕ ਪੜਚੋਲ<br>(ਡਾ: ਦਰਸ਼ਨ ਖੇੜੀ) | 03.00 ਰੁਪਏ |
| 10. | ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ<br>(ਦਿਪਾਯਨ ਬੋਸ)<br>ਮਾਰਕਸਵਾਦ ਦਾ ਇਤਿਹਾਸਿਕ ਵਿਕਾਸ-I | 10.00 ਰੁਪਏ |
| 11. | ਸ਼ੀਹਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ<br>ਵਿਚਾਰਧਾਰਕ ਵਿਕਾਸ<br>(ਪ੍ਰੋਫੈਸਰ ਬਿਪਨ ਚੰਦਰਾ) | 10.00 ਰੁਪਏ |
| 12. | ਅਕਤੂਬਰ ਇਨਕਲਾਬ ਦੀ ਮਸ਼ਾਲ | 10.00 ਰੁਪਏ |
| 13. | ਮਜ਼ਦੂਰਾਂ ਦੇ ਖ਼ੂਨ ਨਾਲ ਲਿਖੀ<br>ਪੈਰਿਸ ਕਮਿਊਨ ਦੀ ਅਮਰ ਕਹਾਣੀ | 10.00 ਰੁਪਏ |
| 14. | ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜ ਬਹਾਲੀ<br>ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ<br>(ਮਾਰਕਸਵਾਦ ਦਾ ਇਤਿਹਾਸਿਕ ਵਿਕਾਸ-II) | 15.00 ਰੁਪਏ |
| 15. | ਕਿਉਂ ਮਾਓਵਾਦ<br>(ਮਾਰਕਸਵਾਦ ਦਾ ਇਤਿਹਾਸਿਕ ਵਿਕਾਸ-III) | 15.00 ਰੁਪਏ |
| 16. | ਵਿਦਿਆਰਥੀ ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ | 10.00 ਰੁਪਏ |

ਕੋਈ ਪੁੱਛ ਸਕਦਾ ਹੈ ਕਿ ਇਹ ਜ਼ਿੰਮੇਵਾਰੀ ਨੌਜਵਾਨਾਂ ਦੇ ਹੀ ਮੋਢਿਆਂ 'ਤੇ ਕਿਉਂ ? ਇਸ ਦਾ ਢੁੱਕਵਾਂ ਜਵਾਬ ਚੀਨੀ ਇਨਕਲਾਬ ਦੇ ਮਹਾਨ ਨੇਤਾ ਮਾਓ-ਜ਼ੇ-ਤੁੰਗ ਨੇ ਬਹੁਤ ਪਹਿਲਾਂ ਇਨ੍ਹਾਂ ਸ਼ਬਦਾਂ ਵਿੱਚ ਦੇ ਦਿੱਤਾ ਸੀ। "ਨੌਜਵਾਨ ਹੀ ਸਮਾਜ ਦੀ ਸਭ ਤੋਂ ਜ਼ਿਆਦਾ ਸਰਗਰਮ ਅਤੇ ਸਭ ਤੋਂ ਜ਼ਿਆਦਾ ਜਾਨਦਾਰ ਤਾਕਤ ਹੁੰਦੇ ਹਨ। ਉਨ੍ਹਾਂ ਵਿੱਚ ਸਿੱਖਣ ਦੀ ਸਭ ਤੋਂ ਤੀਬਰ ਇੱਛਾ ਹੁੰਦੀ ਹੈ ਅਤੇ ਉਨ੍ਹਾਂ ਦੇ ਵਿਚਾਰਾਂ ਵਿੱਚ ਰੂੜ੍ਹੀਵਾਦ ਦਾ ਪ੍ਰਭਾਵ ਸਭ ਤੋਂ ਘੱਟ ਹੁੰਦਾ ਹੈ"। ਵਿਦਿਆਰਥੀਆਂ ਨਾਲ਼ ਗੱਲਬਾਤ ਕਰਦੇ ਹੋਏ ਇੱਕ ਵਾਰ ਉਨ੍ਹਾਂ ਨੇ ਕਿਹਾ ਸੀ, "ਇਹ ਦੁਨੀਆ ਤੁਹਾਡੀ ਹੈ, ਸਾਡੀ ਵੀ ਹੈ ਪਰ ਆਖਿਰਕਾਰ ਇਹ ਤੁਹਾਡੀ ਹੀ ਹੋਵੇਗੀ ਤੁਸੀਂ ਨੌਜਵਾਨ ਤਾਜ਼ਗੀ ਅਤੇ ਜੀਵਨ ਸ਼ਕਤੀ ਨਾਲ਼ ਭਰਪੂਰ ਸਵੇਰੇ ਅੱਠ ਜਾਂ ਨੌ ਵਜੇ ਦੇ ਸੂਰਜ ਦੀ ਤਰ੍ਹਾਂ ਆਪਣੀ ਜ਼ਿੰਦਗੀ ਦੇ ਪੁਰਬਹਾਰ ਪੜਾਅ ਵਿੱਚ ਹੋ। ਸਾਡੀਆਂ ਉਮੀਦਾਂ ਤੁਹਾਡੇ 'ਤੇ ਲੱਗੀਆਂ ਹੋਈਆਂ ਹਨ"।



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ - 10.00 ਰੁ.